Navchetan's Pulangh Prakashan



# ਹੋ ਜਾਂਦਾ ਏ ਕਰਿਆ ਨਹੀਂ ਮੈਂ

ਜਸਕਰਨ ਸਿੰਘ (ਜੱਸ)

# ਹੋ ਜਾਂਦਾ ਏ
# ਕਰਿਆ ਨਹੀਂ ਮੈਂ

ਕਵਿਤਾਵਾਂ • ਗ਼ਜ਼ਲਾਂ • ਸ਼ਾਇਰੀ

**ਜਸਕਰਨ ਸਿੰਘ (ਜੱਸ)**

**PULANGH PRAKASHAN**
*(The House of Literary Books)*
St. No. 1, Near S.D. College Barnala-148101
97790-50692, 97790-90135, 96579-99692, 98884-70486

# ਹੋ ਜਾਂਦਾ ਏ ਕਰਿਆ ਨਹੀਂ ਮੈਂ

*by*

**© ਜਸਕਰਨ ਸਿੰਘ (ਜੱਸ)**
ਪਿੰਡ ਭੈਣੀ ਬੜਿੰਗਾਂ, ਜ਼ਿਲ੍ਹਾ ਲੁਧਿਆਣਾ
Insta ID _karxn.12
Whatsaap 6280780029

**PULANGH PRAKASHAN**
*( The House of Literary Books)*
St. No. 1, Near S.D. College Barnala-148101
97790-50692, 97790-90135, 96579-99692, 98884-70486

*Follow on:*

Facebook: Navchetan Book Depot
Insta: navchetanhouse
Whatsaap: 9888470486, 97790-50692, 96579-99692, 97790-90135

**© Author**

ਇਸ ਪੁਸਤਕ ਵਿੱਚ ਸ਼ਾਮਿਲ ਕੀਤੀ ਜਾਣਕਾਰੀ ਵੱਖ-ਵੱਖ ਸ੍ਰੋਤਾਂ ਤੋਂ ਇਕੱਤਰ ਕਰਕੇ ਡੂੰਘੇ ਅਧਿਐਨ ਤੇ ਵਿਸ਼ਲੇਸ਼ਣ ਕਰਕੇ ਹੀ ਦਰਜ ਕੀਤੀ ਗਈ ਹੈ। ਇਸ ਪੁਸਤਕ ਵਿੱਚ ਦਿੱਤੀ ਸਾਰੀ ਜਾਣਕਾਰੀ ਲੇਖਕ ਅਤੇ ਪ੍ਰਕਾਸ਼ਕ ਦੀ ਦ੍ਰਿਸ਼ਟੀ ਤੋਂ ਤਰੁੱਟੀਹੀਣ ਹੈ। ਫਿਰ ਵੀ ਜੇਕਰ ਕਿਸੇ ਤਰਾਂ ਦੀ ਗ਼ਲਤੀ ਲਈ ਪ੍ਰਕਾਸ਼ਕ ਤੇ ਲੇਖਕ ਜ਼ਿੰਮੇਵਾਰ ਨਹੀਂ ਹੋਣਗੇ। ਕਿਸੇ ਵੀ ਅਦਾਲਤ ਵਿੱਚ ਕੋਈ ਹਾਨੀਪੂਰਤੀ ਨਹੀਂ ਹੋਵੇਗੀ।

**ਪਹਿਲੀ ਵਾਰ** : 2024

ISBN : 978-81-976147-2-9

Price : 295

Typing & Setting

**PATIALA COMPUTERS**
Opp. Punjabi University, Patiala
M. 98557-08204, 99159-79774
E-mail: patialacomposer04@gmail.com

*Printed at:*

**D.K. Printers, Delhi**

www.punjabibookspdf.com

# ਪਿਆਰ ਕੀ ਹੁੰਦਾ

ਸਭ ਨੇ ਸੁਣਿਆ ਹੋਣਾ 'ਪਿਆਰ' ਸ਼ਬਦ ਬਾਰੇ ਪਰ ਇਸ ਸ਼ਬਦ ਦਾ ਅਸਲ ਮਤਲਬ ਬਹੁਤ ਘੱਟ ਲੋਕਾਂ ਨੂੰ ਪਤਾ ਹੈ। 'ਪਿਆਰ' ਸ਼ਬਦ ਦਾ ਮਤਲਬ ਉਸ ਮੋਹ ਜਾਂ ਪ੍ਰੇਮ ਤੋਂ ਹੈ ਜਿਸ ਦੀ ਕੋਈ ਵੀ ਹੱਦ ਨੀ ਹੁੰਦੀ ਅਤੇ ਨਾ ਹੀ ਕਿਸੇ ਤਰ੍ਹਾਂ ਇਸਦਾ ਖ਼ਾਤਮਾ ਕੀਤਾ ਜਾ ਸਕਦਾ। ਇਹ ਇੱਕ ਇਸ ਤਰ੍ਹਾਂ ਦਾ ਭਾਵ ਹੈ ਜੋ ਇੱਕ ਮਨੁੱਖ ਨੂੰ ਦੂਸਰੇ ਮਨੁੱਖ, ਕਿਸੇ ਜਾਨਵਰ, ਕਿਸੇ ਪੰਛੀ, ਕਿਸੇ ਜਗ੍ਹਾ, ਕਿਸੇ ਕੁਦਰਤੀ ਨਜ਼ਾਰੇ ਅਤੇ ਕਿਸੇ ਅਜੀਵਤ ਚੀਜ਼ ਪ੍ਰਤੀ ਪ੍ਰਗਟ ਹੋ ਸਕਦਾ ਹੈ। ਹਰ ਕਿਸੇ ਪ੍ਰਤੀ ਇਸ ਦੀ ਭੂਮੀਕਾ ਵੱਖੋ ਵੱਖਰੀ ਹੁੰਦੀ ਹੈ ਭਾਵ ਕਿਸੇ ਪ੍ਰਤੀ ਪਿਆਰ ਬਹੁਤ ਹੀ ਜਿਆਦਾ ਗੰਭੀਰ ਹੋ ਸਕਦਾ ਹੈ ਅਤੇ ਕਿਸੇ ਪ੍ਰਤੀ ਬਿਲਕੁਲ ਹੀ ਮਾਮੂਲੀ ਹੋ ਸਕਦਾ ਹੈ। ਪਿਆਰ ਤੋਂ ਭਾਵ ਕਿਸੇ ਚੀਜ਼ ਨੂੰ ਐਨਾ ਚਾਹੁਣਾ ਕਿ

ਜੇ ਉਹ ਚੀਜ਼ ਪ੍ਰਾਪਤ ਹੋਵੇ ਤਾਂ ਵੀ ਖੁਸ਼ੀ ਹੋਵੇ ਤੇ ਜਦੋਂ ਨਾ ਹੋਵੇ ਤਾਂ ਵੀ ਕੋਈ ਸ਼ੰਕਾ ਨਾ ਹੋਵੇ। ਕਿਉਂ ਕਿ ਜਰੂਰੀ ਨਹੀਂ ਜੋ ਚੀਜ਼ ਪਿਆਰੀ ਹੋਵੇ ਉਹ ਕੋਲ ਹੀ ਹੋਵੇ ਕੋਈ ਵੀ ਪਿਆਰੀ ਚੀਜ਼ ਪਿਆਰ ਕਰਣ ਵਾਲੇ ਤੋਂ ਬਹੁਤ ਦੂਰ ਹੋ ਸਕਦੀ ਹੈ। ਪਿਆਰ ਦਾ ਮਤਲਬ ਕਿਸੇ ਉੱਤੇ ਹੱਕ ਜਤਾਉਣਾ ਨਹੀਂ ਹੁੰਦਾ ਬਲਕਿ ਕਿਸੇ ਦੀ ਅਜਾਦੀ ਅਤੇ ਉਸਦੇ ਭਾਵਾਂ ਦੀ ਕਦਰ ਕਰਨ ਨੂੰ ਹੀ ਪਿਆਰ ਕਿਹਾ ਜਾਂਦਾ ਹੈ। ਪਿਆਰ ਦੀਆਂ ਅਣਗਿਣਤ ਪਰਿਭਾਸਾਵਾਂ ਦਿੱਤੀਆਂ ਜਾ ਸਕਦੀਆਂ ਨੇ ਕਿਉਂ ਕਿ ਇਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਹੁਣ ਬਹੁਤ ਲੋਕਾਂ ਦੇ ਮਨ ਵਿੱਚ ਇਹ ਸਵਾਲ ਉਪਜਦਾ ਹੋਣਾ ਵੀ ਪਿਆਰ ਸ਼ੁਰੂ ਕਦੋਂ ਹੋਇਆ। ਹਾਲਾਕਿ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪਰ ਮੈਨੂੰ ਲੱਗਦਾ ਹੈ ਜਦੋਂ ਦੀ ਇਹ ਦੁਨੀਆਂ


www.punjabibookspdf.com

ਬਣੀ ਅਤੇ ਇਸ ਧਰਤੀ ਉੱਪਰ ਜੀਵਨ ਸੰਭੰਬ ਹੋਇਆ ਓਦੋ ਤੋਂ ਹੀ ਪਿਆਰ ਦਾ ਜਨਮ ਹੋਇਆ ਅਤੇ ਅੱਜ ਤੱਕ ਮਹਿਫੂਜ਼ ਹੈ। ਲਾਜ਼ਮੀ ਪਿਆਰ ਕਰਨ ਦੇ ਢੰਗ ਅਤੇ ਸਹੀ ਮਾਇਨੇ ਅੱਜ ਕੱਲ੍ਹ ਬਦਲ ਚੁੱਕੇ ਹਨ ਪਰ ਪਿਆਰ ਓਸੇ ਤਰ੍ਹਾਂ ਹੀ ਜੀਵਤ ਹੈ। ਮੇਰਾ ਮੰਨਣਾ ਹੈ ਸਭ ਤੋਂ ਪਹਿਲਾਂ ਮਨੁੱਖ ਨੂੰ ਪਿਆਰ ਦਾ ਅਹਿਸਾਸ ਮਾਂ ਤੋਂ ਹੁੰਦਾ ਹੈ। ਜਿਸ ਤੋਂ ਅਸੀਂ ਪਿਆਰ ਦੀ ਪਰਿਭਾਸਾ ਨੂੰ ਸਿੱਧੇ ਅਤੇ ਸਰਲ ਤਰੀਕੇ ਨਾਲ ਸਮਝ ਸਕਦੇ ਹਾਂ ਭਾਵ ਕਿਸੇ ਲਈ ਦੁੱਖ ਜਰਨਾ ਅਤੇ ਕਿਸੇ ਲਈ ਜੀਣ ਦੀ ਵਜ੍ਹਾ ਬਣਨਾ ਪਿਆਰ ਹੈ। ਪਿਆਰ ਦਾ ਮਤਲਬ ਹਰ ਪੰਜਾਬੀ ਨੂੰ ਚੰਗੀ ਤਰ੍ਹਾਂ ਸਮਝ ਆ ਸਕਦਾ ਹੈ। ਪੰਜਾਬ ਵਿੱਚ ਪਿਆਰ ਜੁੱਗਾਂ ਜੁੱਗਾਂ ਤੋਂ ਭਰਿਆ ਹੋਇਆ ਹੈ।

ਪੰਜਾਬ ਦੇ ਸ਼ਹੀਦ ਸੂਰਮੇ ਜਿਨ੍ਹਾਂ ਨੂੰ ਦੇਸ ਪ੍ਰਤੀ ਪਿਆਰ ਸੀ ਅਤੇ ਉਸ ਪਿਆਰ ਲਈ ਉਹਨਾਂ ਨੇ ਆਪਣੀ ਜਾਨ ਵੀ ਕੁਰਬਾਨ ਕਰ ਦਿੱਤੀ ਹੋਰ ਤਾਂ ਹੋਰ ਆਪਣੇ ਸਿੱਖ ਧਰਮ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੂਰੇ ਭਾਰਤ ਨੂੰ ਬਚਾਉਣ ਖ਼ਾਤਰ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ ਇਸਤੋਂ ਵੱਡੀ ਪਿਆਰ ਦੀ ਮਿਸਾਲ ਸ਼ਾਇਦ ਹੀ ਕੋਈ ਹੋ ਸਕਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪਿਆਰ ਵਿੱਚ ਮੌਤ ਨੂੰ ਵੀ ਹੱਸ ਕੇ ਗਲ ਨਾਲ ਲਾਇਆ ਜਾ ਸਕਦਾ ਹੈ।ਜਿਵੇਂ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ੧੪੧੨ ਅੰਗ ਤੇ ਦਰਜ਼ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਉਮੀਦ ਹੈ ਕਿ ਤੁਹਾਨੂੰ ਪਿਆਰ ਦਾ ਅਸਲੀ ਮਤਲਬ ਪਤਾ ਲੱਗ ਗਿਆ ਹੋਣਾਂ ਅਤੇ ਮਨ ਵਿੱਚ ਕੋਈ ਸ਼ੰਕਾ ਨਹੀਂ ਰਹੀ ਹੋਣੀ। ਇਹ ਤਾਂ ਸੀ ਪਿਆਰ ਦਾ ਅਸਲੀ ਫ਼ਲਸਫ਼ਾ। ਹੁਣ ਗੱਲ ਕਰਦੇ ਆ ਅੱਜ ਕੱਲ੍ਹ ਸਮਝੇਂ ਜਾਣ ਵਾਲੇ ਪਿਆਰ ਦੇ ਬਾਰੇ, ਇਹ ਸਦੀ ਦਾ ਮਨੁੱਖ ਬਹੁਤ ਹੀ ਬਦਲ

www.punjabibookspdf.com

ਗਿਆ ਹੈ। ਅੱਜ ਕੱਲ੍ਹ ਲੋਕ ਪਿਆਰ ਦੀ ਵਰਤੋ ਸਿਰਫ ਤੇ ਸਿਰਫ ਗੱਲਾਂ ਵਿੱਚ ਹੀ ਕਰਦੇ ਨੇ ਕਿਉਂ ਕਿ ਪਿਆਰ ਦੇ ਬਾਰੇ ਵਿੱਚ ਜੋ ਜਾਣਕਾਰੀ ਲੋਕਾਂ ਦੇ ਕੋਲ ਹੈ ਉਹ ਕਿਧਰੇ ਅੱਧੀ ਅਧੂਰੀ ਤੋਂ ਵੀ ਬਹੁਤ ਘੱਟ ਹੈ। ਅੱਜ ਕੱਲ੍ਹ ਦਾ ਪਿਆਰ ਦੌਲਤ, ਹੁਸਨ, ਜਿਸਮਾਨੀ ਅਤੇ ਜਾਤ ਪਾਤ ਨਾਲ ਜੁੜ ਕੇ ਰਹਿ ਗਿਆ ਹੈ। ਜਿਸਦੇ ਕਾਰਨ ਬਹੁਤ ਲੋਕਾਂ ਦਾ ਪਿਆਰ ਦੇ ਉੱਪਰੋਂ ਵਿਸ਼ਵਾਸ ਹੀ ਖਤਮ ਹੋ ਜਾਂਦਾ।

ਲੋਕ ਸਾਰੇ ਕਿੱਸਿਆਂ ਦੇ ਬਾਰੇ ਜਾਣਦੇ ਤਾਂ ਜਰੂਰ ਨੇ ਪਰ ਉਹਨਾਂ ਵਿੱਚ ਹੋਈਆਂ ਗ਼ਲਤੀਆਂ ਤੋਂ ਸਿੱਖਣ ਦੀ ਵਜਾਏ ਫਿਰ ਤੋਂ ਉਹ ਹੀ ਗ਼ਲਤੀਆਂ ਦਹਰਾਉਂਦੇ ਨੇ ਅਤੇ ਉਹਨਾਂ ਕਿੱਸੇ-ਕਹਾਣੀਆਂ ਦਾ ਵਜੂਦ ਨਹੀਂ ਸਮਝ ਪਾਉਂਦੇ। ਲੋਕਾਂ ਨੂੰ ਪਤਾ ਹੋਣਾ ਚਾਹੀਦਾ ਸੋਹਣੀ ਮਹੀਵਾਲ, ਹੀਰ ਰਾਂਝਾ, ਸੱਸੀ ਪੰਨੂ ਅਤੇ ਮਿਰਜਾ ਸਾਹਿਬਾ ਨੇ ਪਿਆਰ ਵਿੱਚ ਕੀ-ਕੀ ਤਿਆਗ ਦਿੱਤੇ ਸੀ। ਪਿਆਰ ਵਿੱਚ ਜੀ ਜਾਨ ਲਾ ਦੇਣਾ ਹੀ ਸਭ ਤੋਂ ਵੱਡੀ ਗੱਲ ਹੈ ਉਹ ਵੀ ਬਿਨ੍ਹਾਂ ਕਿਸੇ ਉਮੀਦ ਤੋਂ ਪਰ ਅੱਜ ਕੱਲ੍ਹ ਇਹ ਸਭ ਕੁਝ ਬਹੁਤ ਹੀ ਘੱਟ ਦਿਖਾਈ ਦਿੰਦਾ, ਇਸਦੇ ਬਦਲੇ ਝੂਠੇ ਵਾਦੇ, ਸੋਸੇਬਾਜ਼ੀ ਅਤੇ ਦਿਖਾਵੇ ਨਜ਼ਰ ਆਉਂਦੇ ਨੇ ਲੋਕਾਂ ਨੂੰ ਬਾਬਾ ਬੁੱਲ੍ਹੇ ਸ਼ਾਹ ਜੀ ਦੇ ਇਸ ਕਲਾਮ ਤੇ ਚੰਗੀ ਤਰ੍ਹਾਂ ਗੌਰ ਕਰਨ ਦੀ ਲੋੜ ਹੈ।

ਜ਼ਹਿਰ ਵੇਖ ਕੇ ਪੀਤਾ ਤੇ ਕੀ ਪੀਤਾ
ਇਸ਼ਕ਼ ਸੋਚਕੇ ਕੀਤਾ ਤੇ ਕੀ ਕੀਤਾ
ਦਿਲ ਦੇ ਕੇ ਦਿਲ ਲੈਣ ਦੀ ਆਸ ਰੱਖ ਵੇ ਬੁੱਲ੍ਹਿਆ
ਪਿਆਰ ਵੀ ਲਾਲਚ ਨਾਲ ਕੀਤਾ ਤੇ ਕੀ ਕੀਤਾ

'ਹੋ ਜਾਂਦਾ ਏ ਕਰਿਆ ਨਹੀਂ ਮੈਂ" ਇਹ ਮੇਰੀ ਪਹਿਲੀ ਕਿਤਾਬ ਹੈ। ਕਿਤਾਬ ਦਾ ਤਤਕਰਾ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਆਪਣੇ ਬਾਰੇ ਥੋੜ੍ਹਾ ਬਹੁਤਾ ਦੱਸ ਦਵਾ ਅਤੇ ਇਸ ਕਿਤਾਬ ਦੇ ਬਾਰੇ ਵੀ।


www.punjabibookspdf.com

ਮੈਂ ਜਸਕਰਨ ਸਿੰਘ ਲੁਧਿਆਣੇ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਭੈਣੀਂ ਬੜਿੰਗਾਂ ਦਾ ਰਹਿਣ ਵਾਲਾ ਹਾਂ। ਮੇਰੀ ਉਮਰ ਤਕਰੀਬਨ ੧੯ ਸਾਲ ਦੀ ਹੈ। ਮੈਂ ਕੋਈ ਬਹੁਤਾ ਗਿਆਨੀ ਤਾਂ ਹੈ ਨੀ ਜਿਨ੍ਹਾਂ ਕਿ ਮੈਂ ਪੜ੍ਹਿਆ-ਲਿਖਿਆ, ਆਲੇ-ਦੁਆਲੇ 'ਚੋਂ ਸੁਣਿਆ, ਕੁਦਰਤ ਵਿੱਚੋਂ ਮਹਿਸੂਸ ਕੀਤਾ ਅਤੇ ਕੁਝ ਆਪਣੇ ਆਪ ਕਲਪਨਾ ਕਰੀ ਪਿਆਰ ਬਾਰੇ ਉਹ ਸਭ ਨਚੋੜ ਕੇ ਜੋ ਵੀ ਮੈਂ ਲਿਖਿਆ ਹੈ, ਉਮੀਦ ਕਰਦਾ ਤੁਹਾਨੂੰ ਸਭ ਨੂੰ ਪਸੰਦ ਆਵੇਗਾ।


www.punjabibookspdf.com

# ਤਤਕਰਾ


- ਉਲ਼ਝੇ ਜਹੇ ਸੀ ਰਾਹ ਜ਼ਿੰਦਗੀ ਦੇ 11
- ਓਹਦਾ ਸੁਪਨਾ 12
- ਓਹਦੇ ਸਹਾਰੇ ਜਿਓਨਾ ਆ ਮੈਂ 13
- ਓਹਨੂੰ ਤੱਕਿਆ ਜਾ ਸਕਦਾ ਏ 14
- ਅੱਛਾ ਜੀ ਇਹਨੂੰ ਮੁਹੱਬਤ ਕਹਿੰਦੇ 15
- ਅਣਭੋਲ ਜਹੀ ਅੱਲ੍ਹੜ 16
- ਅਫ਼ਵਾਹ 17
- ਆਸ਼ਿਕਾਂ ਦੀ ਜ਼ਿੰਦਗੀ ਹਨੇਰ ਜਹੀ 18
- ਆਪਣਾ ਕੰਮ ਤਾਂ ਕਰਦੇ ਹੀ ਨੀ 19
- ਆਪਣਿਆਂ ਦਾ ਜੇ ਐਨਾ ਮਾੜਾ ਹੋ ਸਕਦਾ ਏ 20
- ਐਨਾ ਮਿੱਠਾ ਹੋ ਸਕਦਾ ਏ 21
- ਇੱਕੋ ਗੱਲ ਏ 22
- ਇਕ ਖ਼ਾਬ 23
- ਏਸੇ ਕਰਕੇ ਸਾਨੂੰ ਰੁੱਸਣਾ ਨਹੀਂ ਆਉਂਦਾ 24
- ਸਹੀ ਏ 25
- ਸ਼ਕਤੀ ਨਾਮਕ ਨਾ ਕੋਈ ਚੀਜ਼ ਦਿਲਾ 26
- ਸੰਗਦੀ ਆ ਓਹ 27
- ਸੱਚੀ ਬਹੁਤਾ ਔਖਾ ਰਾਹ ਏ 28
- ਸੱਜਣਾ 29
- ਸਤੀਆ ਸੇਈ 30
- ਸਮਾਂ ਲੰਘਿਆਂ ਜੇ ਮੁੜ ਆਵੇ 32
- ਸਿੱਧੀ ਸਾਧੀ ਜਹੀ ਆ ਬਹੁਤੀ ਸੰਗ ਕਰਦੀ 33




www.punjabibookspdf.com

- ਸਿਰ 'ਤੇ ਰੱਖੀ ਗਠੜੀ 'ਚੋਂ ਮੈਂ 34
- ਸੋਹਣੀ ਲੱਗਦੀ ਏ 35
- ਹਾਂਜੀ ਹਾਂ ਜ਼ਰੂਰੀ ਹੈ 36
- ਹਾਂਜੀ ਬੇਰੀ ਪੱਕ ਗਈ ਏ 37
- ਹੋ ਜਾਂਦਾ ਏ ਕਰਿਆ ਨਹੀਂ ਮੈਂ..! 38
- ਹੱਸਣ ਲੱਗ ਪਿਆ ਏ 39
- ਕੌਣ ਜਾਣੇ ਕੀ ਹੋ ਜਾਣਾ ਏ 40
- ਕਈ ਲੱਖਾਂ ਮੀਲਾਂ ਤੈਅ ਕਰਲੇ ਮੈਂ ਇਸ਼ਕੇ ਦੇ 41
- ਕਸਮੇਂ ਅੰਦਰ ਟੁੱਟ ਜਾਂਦਾ ਏ 42
- ਕੱਖ ਕੰਡਿਆਂ ਤੋਂ ਜਿਆਦਾ ਦਰਦੀ 44
- ਕੱਖ ਨਹੀਂ ਕੀਤਾ ਜਾ ਸਕਦਾ 46
- ਕਮਾਲ ਏ... 47
- ਕਾਫੀ ਵੱਡਾ ਜ਼ੇਰਾ ਤੇਰਾ 49
- ਕਿਓਂ ਠਰਦਾ ਲੋਕਾਂ ਦੇ ਦਰਦਾਂ ਵਿਚ 50
- ਕਿੱਡੀ ਗੱਲ ਏ 51
- ਕੀ ਮੁਹੱਬਤ 52
- ਕੋਈ ਐਨਾ ਕਿਸਰਾਂ ਟੁੱਟਿਆ ਹੋ ਸਕਦਾ ਏ 53
- ਕੋਈ ਸ਼ਾਇਰ 54
- ਕਹਿ ਤਾਂ ਦੇਵੇ ਤੇਰੀ ਹੀ ਆ 55
- ਕਿਓਂ ਕੀਤਾ ਮੈਂ ਉਹਦੇ ਨਾਲ 56
- ਕਿੱਥੋਂ ਕਿੱਥੇ ਤੱਕ ਆ 57
- ਖ਼ੈਰ ਜੋ ਹੋਇਆ ਰੱਬ ਦੀ ਮਰਜ਼ੀ 58
- ਘੱਟ ਤੇ ਨਹੀਂ ਨਾ 59
- ਘੁੱਟ-ਦੋ-ਘੁੱਟ ਤਾਂ ਪੀਅ ਲੈਣ ਦੇ 60
- ਚੰਗਾ ਨਈਂ ਤਾਂ ਮਾੜਾ ਹੀ ਸਹੀ 61
- ਚੁੱਪ ਵੀ ਸੋਹਣੀ ਲਗਦੀ ਏ 62




www.punjabibookspdf.com

✪ ਚੂਰ ਮੈਂ ਹੋਜਾਂ 63
✪ ਚਾਹੁੰਦੀ ਏ 64
✪ ਜਰੂਰੀ ਏ 65
✪ ਜਿਸਮਾਂ ਦੀ ਦੂਰੀ 66
✪ ਜੀ ਮੈਨੂੰ ਉਸ ਨਾਲ ਪਿਆਰ ਹੋਇਆ ਸੀ 68
✪ ਜੇ ਓਹ ਮੇਰਾ ਹੋ ਹੀ ਗਿਆ ਏ 69
✪ ਜਿਨ੍ਹਾਂ ਉਹਨੇ ਮੇਰਾ ਹਿੱਸਾ ਰੱਖਿਆ ਏ 70
✪ ਝੂਠਾ ਲੱਗਦਾ 71
✪ ਟੁਕੜਾ ਟੁੱਟੇ ਕੱਚ ਦਾ ਆ 72
✪ ਟੁੱਟਿਆ ਤਾਰਾ 73
✪ ਟੁੱਟੇ ਪੱਤੇ 74
✪ ਟੋਹਲਿਆ ਇੱਕ ਫਰਿਸ਼ਤਾ ਕੱਲ੍ਹ ਮੈਂ ਅੰਬਰਾਂ ’ਚੋਂ 75
✪ ਤੂੰ ਵੀ ਜੇਰਾ ਤਕੜਾ ਕਰਲਾ 76
✪ ਤੇਰੇ ਸ਼ਹਿਰੋਂ 77
✪ ਥੋੜ੍ਹਾ ਥੋੜ੍ਹਾ ਡੁੱਲ੍ਹੀ ਜਾਨਾ 78
✪ ਦਰਦਾਂ ਨਾਲ਼ ਭਰੀ ਇਹ ਜ਼ਿੰਦਗੀ 79
✪ ਦਿਲ ਦਾ ਹਾਲ 80
✪ ਦਿਲ ਦਾ ਮੁਸਾਫ਼ਿਰ 81
✪ ਦਿਲ ਦੀ ਡਾਇਰੀ 83
✪ ਦਿਲਗੀਰ ਮੁਹੱਬਤ 85
✪ ਦੁੱਖਾਂ ਦੀਆਂ ਪੰਡਾਂ 86
✪ ਦੁੱਖਾਂ ਦੇ ਹੰਝੂ 87
✪ ਦੁਨੀਆਂ ਤੇ ਦਿਲਦਾਰ ਬੜੇ ਨੇ 88
✪ ਦੂਰੀ ਮਜ਼ਬੂਰੀ 89
✪ ਦੇਖਿਆ ਨਹੀਂ ਜਾਂਦਾ 90
✪ ਨਵੇਂ-ਨਵੇਂ ਆਏ ਇਸ਼ਕ ਦੇ ਸ਼ਹਿਰ ’ਚ 91



www.punjabibookspdf.com

- ਪੰਜਾਬ ਸੋਹਣਾ ਏ 92
- ਪਾਗਲ ਲੱਗਨਾ ਏ 93
- ਪਿਆਰ ਦੇ ਰਾਹੋਂ ਮੁੜ ਚੱਲਿਆ ਮੈਂ 94
- ਪਿੱਠ ਦੇ ਉੱਤੇ ਵਾਰ ਜੋ ਕੀਤਾ 95
- ਬਚਣਾ ਨਹੀਂ ਆਉਂਦਾ 96
- ਬਣਦਾ ਸੀ ਛੱਡ ਖ਼ੈਰ ਕੀ ਕੀਤਾ ਜਾ ਸਕਦਾ ਸੀ 97
- ਬੱਦਲ ਹੌਲੇ ਹੋ ਗਏ ਨੇ 98
- ਬੰਦਾਂ ਬੇਵਜ੍ਹਾ ਵੀ ਰੋ ਸਕਦਾ ਏ 99
- ਬੰਦਾਂ ਵੈਰੀ ਬੰਦੇ ਦਾ ਹੀ 100
- ਬੰਦਿਆਂ ਰੱਬ ਦਾ ਨਾਂ ਤੇ ਲੈ ਲੇ 101
- ਬੇਦਰਦਾਂ ਦੇ ਸ਼ਹਿਰ 102
- ਮਸਾਂ ਹੀ ਬਚਿਆ ਇਸ਼ਕ ਦੇ ਹੱਥੋਂ 104
- ਮੰਜ਼ਲਾਂ ਦਾ ਸਫ਼ਰ 105
- ਮਾਂ 107
- ਮਿਹਨਤ ਦਾ ਮੁੱਲ 108
- ਮੁੱਲ ਪੁੱਛਦਾਂ 109
- ਮੂਰਤ 110
- ਮੈਂ ਓਸ ਕਿਤਾਬ ਦਾ ਪੰਨਾ ਹਾਂ 111
- ਮੈਂ ਆਪਣਿਆਂ ਤੋਂ ਹੋ ਦੂਰ ਦੇਖਿਆ 112
- ਮੈਂ ਤਾਂ ਓਸੇ ਥਾਂਵੇ ਮਰਜਾ 113
- ਮੈਂ ਤਾਂ ਸਭ ਕੁੱਛ ਛੱਡ ਕੇ ਆਇਆ 114
- ਮੈਂ ਅੱਜ ਮੁਹੱਬਤ ਧੋਖਾ ਦਿੰਦੀ ਦੇਖੀ ਏ 115
- ਮੈਨੂੰ ਜੀਹਦੇ ਨਾਲ ਮੁਹੱਬਤ ਹੋਈ ਏ 116
- ਰਾਂਝਾ ਮੱਝਾਂ ਹੱਕਦਾ ਰਿਹਾ 117
- ਲੋਕੀਂ ਐਵੇਂ ਮਾਰੀ ਜਾਂਦੇ 118
- ਵੇ ਦੀਵਾਨਿਆਂ 119




www.punjabibookspdf.com

# ਉਲ਼ਝੇ ਜਹੇ ਸੀ ਰਾਹ ਜ਼ਿੰਦਗੀ ਦੇ

ਕਿੰਨੇ ਸੀ ਮੇਰੇ ਚਾਅ ਜ਼ਿੰਦਗੀ ਦੇ
ਉਲ਼ਝੇ ਜਹੇ ਸੀ ਰਾਹ ਜ਼ਿੰਦਗੀ ਦੇ

ਕੱਲਾ ਤੁਰਿਆ ਜਾਂਦਾ ਸੀ ਮੈਂ
ਘੇਰ ਲਿਆ ਮੈਨੂੰ ਆ ਜ਼ਿੰਦਗੀ ਨੇ

ਕਿਹੜੇ ਦੁੱਖਾਂ ਘੇਰ ਲਿਆ ਏ
ਦਾਓ ਪੇਚ ਜਹੇ ਲਾ ਜ਼ਿੰਦਗੀ ਨੇ

ਖੌਰੇ ਹੁਣ ਕਦ ਮਿਲਣਾਂ ਏ ਮੈਂ
ਥੋੜ੍ਹੇ ਬਾਕੀ ਸ਼ਾਹ ਜ਼ਿੰਦਗੀ ਦੇ

ਸੱਚੀ ਬਹੁਤੇ ਹੀ ਉਲ਼ਝੇ ਸੀ
ਜਿੰਨੇ ਸੀ ਏਹ ਰਾਹ ਜ਼ਿੰਦਗੀ ਦੇ

ਸਾਰਿਆਂ ਤੋਂ 'ਜੱਸ' ਮਾਫੀ ਮੰਗਦਾ
ਕੀਤੇ ਜੋ ਗੁਨਾਹ ਜ਼ਿੰਦਗੀ ਦੇ
✪


www.punjabibookspdf.com

# ਓਹਦਾ ਸੁਪਨਾ

ਮੇਰੇ ਦਿਲ ਦੀ ਸੁੰਨੀ ਤਖ਼ਤੀ ਤੇ
ਕਿਨ੍ਹੇ ਏ ਅੱਜ ਦਸਤਕ ਦਿੱਤਾ

ਪੁੱਛਿਆ ਏ ਮੈਂ ਹਾਂਜੀ ਕੌਣ ਏ
ਉਹਨੇ ਅੱਗਿਓ ਜਵਾਬ ਨਹੀਂ ਦਿੱਤਾ

ਤਖ਼ਤਾ ਥੋੜਾ ਖੋਲ੍ਹਿਆ ਜਦ ਮੈਂ
ਬਾਹਰ ਕੋਈ ਦਿਖਾਈ ਨਹੀਂ ਦਿੱਤਾ

ਪਿਛਿਓ ਇਕ ਅਵਾਜ਼ ਜਹੀ ਆਈ
ਉਠਿਆ ਨਹੀਂ ਹਾਲ਼ੇ ਤੱਕ ਸੁੱਤਾ

ਓਹਦੇ ਵਰਗਾ ਓਹਦਾ ਸੁਪਨਾ
ਇਹਵੀ ਪੂਰਾ ਹੋਣ ਨਹੀਂ ਦਿੱਤਾ
✪


www.punjabibookspdf.com

# ਓਹਦੇ ਸਹਾਰੇ ਜਿਓਨਾ ਆ ਮੈਂ

ਗੱਲ ਤਾ ਹੈ ਪਰ ਮਨ ਰਾਜ਼ੀ ਨਈ
ਫਿਰ ਕਿੱਦਾਂ ਦਰਦ ਫਰੋਲ਼ ਦਿਆ

ਇਕ ਇਹ ਵੀ ਆ ਓਹ ਕਰਦੀ ਬੌਹਤਾ
ਕਿਉਂ ਓਹਨੂੰ ਫ਼ਿਕਰਾਂ ਦੇ ਵਿੱਚ ਰੋਲ ਦਿਆ

ਹਾਂ ਦੱਸਦਾ ਨਹੀਂ ਓਹਦੇ ਪੁੱਛਣ ਤੇ
ਜਦੋ ਪੁੱਛਦੀ ਏ ਓਹ ਹਾਲ ਮੇਰਾ
ਕਿਉਂ ਓਹਦੇ ਮੋਤੀ ਅਸ਼ਕਾਂ ਨੂੰ ਡੋਲ ਦਿਆ

ਬਸ ਸੱਭ ਕੁੱਝ ਹੀ ਮੇਰੇ ਲਈ ਓਹ
ਓਹਦੇ ਸਹਾਰੇ ਜਿਓਨਾ ਆ ਮੈਂ
ਕਿਉਂ ਖੁਦ ਨੂੰ ਓਹਦੇ ਸਾਹਮੇ ਤੋੜ ਦਿਆ
✪


www.punjabibookspdf.com

# ਓਹਨੂੰ ਤੱਕਿਆ ਜਾ ਸਕਦਾ ਏ

ਜੇ ਓਹ ਤੈਨੂੰ ਮਾੜਾ ਲੱਗਦਾ
ਪਾਸਾ ਰੱਖਿਆ ਜਾ ਸਕਦਾ ਏ

ਮਹਿਲ ਪਿਆਰ ਦਾ ਔਖਾ ਉਸਰੇ
ਐਵੇ ਕਿਸਰਾਂ ਢਾਅ ਸਕਦਾ ਏ

ਤਕੜੇ ਨੂੰ ਵੀ ਘੇਰਾ ਪਾਓ
ਮਾੜਾ ਡੱਕਿਆ ਜਾ ਸਕਦਾ ਏ

ਨਹਿਰਾਂ ਟੱਪ ਕੇ ਪਾਰ ਨਹੀਂ ਹੁੰਦੀਆਂ
ਟੋਇਆ ਟੱਪਿਆ ਜਾ ਸਕਦਾ ਏ

ਹੋਵੇ ਜੇ 'ਜੱਸ' ਰੱਬ ਨੂੰ ਤੱਕਣਾ
ਓਹਨੂੰ ਤੱਕਿਆ ਜਾ ਸਕਦਾ ਏ
✪


www.punjabibookspdf.com

# ਅੱਛਾ ਜੀ ਇਹਨੂੰ ਮੁਹੱਬਤ ਕਹਿੰਦੇ

ਮੈਥੋ ਕੋਈ ਗੱਲ ਟਾਲ ਨਹੀਂ ਹੁੰਦੀ
ਸਭ ਹਾਂ ਦੇ ਵਿਚ ਹੁੰਗਾਰਾ ਭਰਦਾ

ਪਤਾ ਨਹੀਂ ਕੀ ਆਦਤ ਪੈ ਗਈ
ਮਾਸਾ ਵੀ ਨਹੀਂ ਸਾੜਾ ਕਰਦਾ

ਮੇਰੀ ਸੁੱਧ ਬੁੱਧ ਖੋਈ ਰਹਿੰਦੀ
ਸਾਂਭ ਲਓ ਮੈਂ ਹਾੜਾ ਕਰਦਾ

ਅੱਛਾ ਜੀ ਇਹਨੂੰ ਮੁਹੱਬਤ ਕਹਿੰਦੇ...

ਕਸਮ-ਏ-ਖੁਦਾ ਮੈਨੂੰ ਪਤਾ ਨਹੀਂ ਸੀ
ਮੈਂ ਤਾਂ ਐਵੀਂ ਗੁਜ਼ਾਰਾ ਕਰਦਾ

ਅੱਛਾ ਜੀ ਇਹਨੂੰ ਮੁਹੱਬਤ ਕਹਿੰਦੇ...
✪


www.punjabibookspdf.com

# ਅਣਭੋਲ ਜਹੀ ਅੱਲ੍ਹੜ

ਮੈਂ ਗਲੀ ਇਸਕੇ ਦੀ ਵਿੱਚੋਂ ਲੰਘਿਆ
ਓਹਦਾ ਮੁੱਖ ਨਿਹਾਰ ਬੈਠਾ

ਇਸਕੇ ਦੇ ਦੀਵੇ ਬਲਦੇ ਬਹੁਤੇ
ਦੀਵਾ ਓਹਦੇ ਨਾਂ ਦਾ ਬਾਲ ਬੈਠਾ

ਓਹਨੇ ਵੀ ਗੱਲਾਂ ਗੱਲਾਂ ਦੇ ਵਿੱਚ ਹਾਂ ਜਹੀ ਕਰ ਦਿੱਤੀ
ਮੈਂ ਓਹਨੂੰ ਇਸਕੇ ਦਾ ਇਜਹਾਰ ਜਿਹਾ ਕਰ ਬੈਠਾ

ਕਿਧਰੇ ਵੀ ਨਈ ਲੱਗਦਾ ਮੇਰਾ ਜੀਅ ਹੁਣ
ਅਣਭੋਲ ਜਹੀ ਅੱਲ੍ਹੜ ਦੇ ਨਾਲ ਪਿਆਰ ਜਿਹਾ ਕਰ ਬੈਠਾ
✪


www.punjabibookspdf.com

## ਅਫ਼ਵਾਹ

ਨੀਵੀਂ ਪਾਕੇ ਅੱਖਾਂ ਝੱਪਕੇ
ਜੋ ਵੀ ਏ ਤੇਰੀ ਅਦਾ ਚੰਗੀ ਏ

ਆਪਣਾ ਨਫ਼ਾ ਤਾ ਤੱਕਿਆ ਨਹੀਂ
ਬੱਸ ਤੇਰੇ ਲਈ ਦੁਆ ਮੰਗੀਂ ਏ

ਕਿੰਨਾਂ ਚਿਰ ਤੂੰ ਹੋਰ ਖ਼ਫ਼ਾਂ ਏ
ਕੁੱਝ ਨਹੀਂ ਨਾਲੋਂ ਤੇ ਖ਼ਫ਼ਾਂ ਚੰਗੀ ਏ

ਲੋਕੀ ਗੱਲਾਂ ਕਰਦੇ ਫਿਰਦੇ
ਕਿ ਮੇਰੇ ਤੋਂ ਤੂੰ ਦਿਲ ਹਾਰ ਗਈ

ਪਤਾ ਮੈਨੂੰ ਇਹ ਝੂਠ ਹੀ ਹੋਣਾ
ਜੋ ਵੀ ਏ ਅਫ਼ਵਾਹ ਚੰਗੀ ਏ
✪


www.punjabibookspdf.com

# ਆਸ਼ਿਕਾਂ ਦੀ ਜ਼ਿੰਦਗੀ ਹਨੇਰ ਜਹੀ

ਆਸ਼ਿਕਾਂ ਦੀ ਜ਼ਿੰਦਗੀ ਹਨੇਰ ਜਹੀ
ਸੁਭਾ ਸ਼ਾਮ ਨਹੀਂ ਹੁੰਦੀ

ਹਰ ਵਾਰੀ ਖੁੱਲ੍ਹਕੇ ਕੇ ਦੱਸੀ ਗੱਲ
ਸੱਜਣਾਂ ਆਮ ਨਹੀਂ ਹੁੰਦੀ

ਕਈ ਵਾਰੀ ਪਰਦੇ ਰੱਖਣੇ ਜਰੂਰੀ ਨੇ
ਸ਼ਾਇਰਾ ਹਰ ਗੱਲ ਵੀ ਸ਼ਰੇਆਮ ਨਹੀਂ ਹੁੰਦੀ

ਜ਼ੁਲਫਾਂ ਦੇ ਵਿਚ ਉਲਝੇ ਕਿੰਨੇ
ਨੈਣਾ ਦੇ ਵਿਚ ਖੋਏ ਕਿੰਨੇ

ਕਿੰਨੇ ਆਸ਼ਕ ਰਾਂਝੇ ਬਣ ਗਏ
ਨਾਲੇ ਸਾਧੂ ਹੋਏ ਕਿੰਨੇ

ਚੜ੍ਹੀ ਜਵਾਨੀ ਕਈਆਂ ਕੋਲ਼ੋਂ
ਸਾਂਭ ਨਹੀਂ ਹੁੰਦੀ

ਆਸ਼ਿਕਾਂ ਦੀ ਜ਼ਿੰਦਗੀ ਹਨੇਰ ਜਹੀ
ਸੁਭਾ ਸ਼ਾਮ ਨਹੀਂ ਹੁੰਦੀ
✪


www.punjabibookspdf.com

# ਆਪਣਾ ਕੰਮ ਤਾਂ ਕਰਦੇ ਹੀ ਨੀ

ਆਪਣਾ ਕੰਮ ਤਾਂ ਕਰਦੇ ਹੀ ਨੀ
ਕਿਸੇ ਦਾ ਕੰਮ ਕੋਈ ਟਾਲ ਨਹੀਂ ਹੁੰਦਾ

ਜੋ ਵੀ ਕਹਿੰਦੇ ਮੰਨ ਲੈਨੇ ਆ
ਮੇਰੇ ਤੋਂ ਕੋਈ ਸਵਾਲ ਨਹੀਂ ਹੁੰਦਾਂ

ਚੰਗਾ ਹੁੰਦਾਂ ਜੇ ਰਾਜ ਹੀ ਰੱਖਦੇ
ਆਹ ਦੁਨੀਆਂ ਸਾਹਮੇ ਪਿਆਰ ਨੀ ਹੁੰਦਾਂ

ਕੋਸ਼ਿਸ ਤਾਂ ਬੜੀ ਕਰੀ ਮਿਲਣ ਦੀ
ਬਸ ਬਲਦਾ ਦੀਵਾ ਠਾਰ ਨਹੀਂ ਹੁੰਦਾਂ

ਲੱਖਾਂ ਵਰਤ ਕੇ ਚਲੇ ਗਏ ਨੇ
'ਜੱਸ' ਤੋਂ ਪਿੱਠ ਤੇ ਵਾਰ ਨਹੀਂ ਹੁੰਦਾਂ

ਮੰਨਿਆ ਕੇ ਮੈਂ ਸੋਹਣਾਂ ਲਿਖਦਾਂ
ਇਹੋ ਗੱਲ ਦਾ ਹੰਕਾਰ ਨਹੀਂ ਹੁੰਦਾਂ

ਮੂੰਹ ਤੇ ਕੁੱਝ ਤੇ ਪਿੱਠ ਤੇ ਹੋਰ
'ਧੋਖੇਵਾਜ' ਉਹ ਯਾਰ ਨਹੀਂ ਹੁੰਦਾਂ

ਉਂਝ ਤਾਂ ਵਿਹਲੇ ਹੀ ਹੁੰਨੇ ਆ
ਪਰ ਵਿਹਲਾ ਪਣ ਸਹਾਰ ਨਹੀਂ ਹੁੰਦਾ

✪


www.punjabibookspdf.com

## ਆਪਣਿਆਂ ਦਾ ਜੇ ਐਨਾ ਮਾੜਾ ਹੋ ਸਕਦਾ ਏ

ਹੱਸਦੇ ਵੱਸਦੇ ਟੱਬਰ ਦੇ ਵਿੱਚ ਵੀ ਸ਼ਾਇਰਾ
ਕਿਸੇ ਸਖ਼ਸ ਦੇ ਆਉਣ ਦੇ ਨਾਲ ਉਜਾੜਾ ਹੋ ਸਕਦਾ ਏ

ਇਸ਼ਕ ਤਾਂ ਸੱਜਣਾਂ ਓਸ ਹਰੇ ਜਹੇ ਕੱਖ ਵਰਗਾ
ਜਿਹੜਾ ਓਸੇ ਥਾਂ ਹੀ ਫੇਰ ਦੁਬਾਰਾ ਹੋ ਸਕਦਾ ਏ

ਇਕ ਤਰਫ਼ਾ ਹੀ ਲੈਕੇ ਪਿਆਰ ਨੂੰ ਮਰਜਾਂ ਗੇ
ਪੁੱਛ ਤਾਂ ਸਹੀਂ ਓਹਦਾ ਹਾਂ ਵਿਚ ਹੁੰਗਾਰਾ ਹੋ ਸਕਦਾ ਏ

ਦੌਲਤ ਸੌਹਰਤ ਹੁਸਨ ਵੀ ਬਾਕਮਾਲ ਏ ਓਹਦਾ
ਫਿਰ ਓਹਨੂੰ ਮੇਰੇ ਤੋਂ ਕੀ ਸਾੜਾ ਹੋ ਸਕਦਾ ਏ

ਇਸ਼ਕੇ ਦੇ ਵਿਚ ਗ਼ੈਰ ਦਾ ਹਸਰ ਕੀ ਹੁੰਦਾਂ ਹੋਣਾ
'ਜੱਸ' ਆਪਣਿਆਂ ਦਾ ਜੇ ਐਨਾ ਮਾੜਾ ਹੋ ਸਕਦਾ ਏ
✪


www.punjabibookspdf.com

# ਐਨਾ ਮਿੱਠਾ ਹੋ ਸਕਦਾ ਏ

ਤੈਨੂੰ ਸਜਣਾ ਨਹੀਂ ਪਸੰਦ
ਇਦਾ ਕਿੱਦਾ ਹੋ ਸਕਦਾ ਏ

ਤੈਨੂੰ ਤੱਕ ਕੇ ਕਸਮੇਂ ਰਾਤੀ
ਨ੍ਹੇਰਾ ਚਿੱਟਾ ਹੋ ਸਕਦਾ ਏ

ਲੱਖ ਝੂਠੀ ਤੂੰ ਹੋਵੇਂ ਭਾਵੇਂ
ਝੂਠ ਵੀ ਸੱਚਾ ਹੋ ਸਕਦਾ ਏ

ਤੇਰਾ ਜੂਠਾ ਪਾਣੀ ਪੀ ਕੇ
ਜੂਠਾ ਸੁੱਚਾ ਹੋ ਸਕਦਾ ਏ

ਤੇਰਾ ਜੂਠਾ ਜਹਿਰ ਵੀ ਸੱਚੀ
ਐਨਾ ਮਿੱਠਾ ਹੋ ਸਕਦਾ ਏ
✪


www.punjabibookspdf.com

# ਇੱਕੋ ਗੱਲ ਏ

ਉਹਨੂੰ ਤੱਕਣਾ ਰੱਬ ਨੂੰ ਤੱਕਣਾ
ਇੱਕੋ ਗੱਲ ਏ

ਉਹਦਾ ਸਜਣਾ ਤੇ ਨਾ ਸਜਣਾ
ਇੱਕੋ ਗੱਲ ਏ

ਉਹਦਾ ਬੋਲਣਾ ਤੇ ਚੁੱਪ ਰਹਿਣਾ
ਇੱਕੋ ਗੱਲ ਏ

ਕਸਮੇਂ ਹੁਣ ਤਾਂ ਸ਼ਾਹ ਵੀ ਸਾਡੇ ਸਾਂਝੇ ਨੇ
ਮੈਂ ਲਵਾ ਜਾਂ ਉਹ ਲਵੇ ਹੁਣ
ਇੱਕੋ ਗੱਲ ਏ
✪


www.punjabibookspdf.com

# ਇਕ ਖ਼ਾਬ

ਮੈਂ ਲਿਖਾਂ ਕੁਝ ਓਹਦੇ ਬਾਰੇ
ਓਹ ਲਿਖੇ ਕੁਝ ਮੇਰੇ ਬਾਰੇ

ਐਸੀ ਰੱਬ ਦੀ ਆਮਦ ਹੋਏ
ਪੂਰੇ ਹੋ ਜਾਣ ਸੁਪਨੇ ਸਾਰੇ

ਪਿਆਰ ਕਰੇ ਓਹ ਮੈਂਨੂੰ ਐਨਾ
ਮੈਥੋਂ ਆਪਣਾ ਆਪਾ ਬਾਰੇ

ਓਹਦੀ ਸੂਰਤ ਐਨੀ ਸੋਹਣੀ
ਚੰਨ ਵੀ ਫਿੱਕਾ ਫਿੱਕੇ ਤਾਰੇ

ਓਹ ਜਾਗੇ ਖ਼ਿਆਲਾਂ ਵਿਚ ਮੇਰੇ
ਮੈਂ ਵੀ ਜਾਗਾ ਸੁੱਤੇ ਸਾਰੇ

ਜੇ ਕੋਈ ਮਿਲਜੇ ਹੂਰ ਕੋਈ ਐਸੀ
'ਜੱਸ' ਤੱਕਣੀ ਜੀਹਦੀ ਸੀਨਾ ਠਾਰੇ

ਕਿਸ਼ਤੀ ਦੇ ਦੋ ਹੋਈਏ ਮੁਸਾਫ਼ਿਰ
ਨਿੱਤ ਏਸ ਕਿਨਾਰਿਓਂ ਓਸ ਕਿਨਾਰੇ
✪


www.punjabibookspdf.com

# ਏਸੇ ਕਰਕੇ ਸਾਨੂੰ ਰੁੱਸਣਾ ਨਹੀਂ ਆਉਂਦਾ

ਅੱਖਾਂ ਸਾਹਮੇ ਹੁੰਦਾ ਨਹੀਂ ਜਦ
ਸੱਚੀ ਸੁੱਖ ਦਾ ਸਾਹ ਨਹੀਂ ਆਉਂਦਾ

ਮੇਰੀ ਹਰ ਦੁਆ ਮੁਸਤਰਦ ਹੀ ਆ
ਜਿਨ੍ਹਾ ਚਿਰ ਤੇਰਾ ਨਾਂ ਨਹੀਂ ਆਉਂਦਾ

ਉਲਝਣਾਂ ਬੜਾ ਪਸੰਦ ਏ ਤੇਰੀਆਂ ਜ਼ੁਲਫਾਂ 'ਚ
ਕਸਮੇਂ ਮੈਨੂੰ ਰਸਤਾ ਲੱਭਣਾ ਨਹੀਂ ਆਉਂਦਾ

ਦੁੱਖ ਸੁੱਖ ਸਾਰੇ ਲਫਜ਼ਾਂ ਵਿੱਚ ਪਰੋ ਲੈਨਾ
'ਜੱਸ' ਨੂੰ ਦਿਲ ਦਾ ਹਾਲ ਸੁਣਾਉਣਾ ਨਹੀਂ ਆਉਂਦਾ

ਪਤਾ ਮਨਾਉਣਾ ਤੈਨੂੰ ਸੱਚੀ ਆਉਂਦਾ ਨਹੀਂ
ਏਸੇ ਕਰਕੇ ਸਾਨੂੰ ਰੁੱਸਣਾ ਨਹੀਂ ਆਉਂਦਾ
✪


www.punjabibookspdf.com

# ਸਹੀ ਏ

ਪਿਆਰ ਦੇ ਹੱਥੋਂ ਮਰਨ ਨਾਲੋਂ ਤੇ
ਦਲਦਲ ਦੇ ਵਿੱਚ ਖੁੱਬਣਾ ਸਹੀ ਏ

ਲਹਿਰਾਂ ਦੇਖ ਕੇ ਡਰਣ ਨਾਲੋਂ ਤੇ
ਅੱਧ ਚ ਤਰਕੇ ਡੁੱਬਣਾ ਸਹੀ ਏ

'ਜੱਸ' ਪੱਥਰ ਪੂਜਾ ਕਰਨ ਨਾਲੋਂ ਤੇ
ਅੰਦਰੋਂ ਰੱਬ ਨੂੰ ਲੱਭਣਾ ਸਹੀ ਏ

ਪਿਆਰ ਦਾ ਅੱਕ ਵੱਢਣ ਨਾਲੋਂ ਤੇ
ਨਫ਼ਰਤ ਦਾ ਬੂਟਾ ਪੱਟਣਾ ਸਹੀ ਏ

ਨਿੱਤ ਤਾਜ਼ੀ ਦੀ ਉਡੀਕ ਨਾਲੋ ਤੇ
ਬਾਸੀ ਖਾ ਕੇ ਰੱਜਣਾ ਸਹੀ ਏ
✪


www.punjabibookspdf.com

# ਸ਼ਕਤੀ ਨਾਮਕ ਨਾ ਕੋਈ ਚੀਜ਼ ਦਿਲਾ

ਸ਼ਕਤੀ ਨਾਮਕ ਨਾ ਕੋਈ ਚੀਜ਼ ਦਿਲਾ
ਨਫ਼ਰਤ ਤੋਂ ਵੱਡੀ ਜਿਹਰ ਨਈਂ ਹੁੰਦੀ

ਝੀਲਾਂ, ਝਰਨੇ ਕਈ ਲੱਖ ਦਰਿਆ ਨੇ
ਸਮੁੰਦਰ ਤੋਂ ਵੱਡੀ ਨਹਿਰ ਨਈਂ ਹੁੰਦੀ

ਕੀਮਤੀ ਨੇ ਮੋਤੀ ਚਾਹੇ ਦੁਨੀਆਂ ਤੇ
ਰਿਸ਼ਤਿਆਂ ਤੋਂ ਕੀਮਤੀ ਸਹਿ ਨਈਂ ਹੁੰਦੀ

ਬਹੁਤੇ ਮਿੱਠੇ ਬਣਦੇ ਲੋਕ ਜ਼ੁਬਾਨੋ
ਹਰ ਮਿੱਠੀ ਵਸਤੂ ਸ਼ਹਿਦ ਨਈਂ ਹੁੰਦੀ

ਸੁਣਿਆਂ ਨਿਭਣੀ ਉਮਰਾਂ ਦੇ ਲਈ
ਹਰੇਕ ਤੇ ਇਸਕ ਦੀ ਮੇਹਰ ਨਈਂ ਹੁੰਦੀ

ਕਾਇਦੇ ਪੜ੍ਹਲਾ ਇਸਕ ਪਿਆਰ ਦੇ
'ਜੱਸ' ਦੁਆ ਪਿਆਰ ਦੀ ਸਾਕਤ ਹੁੰਦੀ

ਖੋਜ ਲਏ ਕਈ ਜੱਗ ਪੈਮਾਨੇ
ਨਾ ਪਿਆਰ ਤੋਂ ਤਕੜੀ ਤਾਕਤ ਹੁੰਦੀ

✪



www.punjabibookspdf.com

# ਸੰਗਦੀ ਆ ਓਹ

ਮੈਂ ਦੱਸਿਆ ਬੌਹਤਾ ਸੰਗਦੀ ਆ ਓਹ
ਪਾਕੇ ਨੀਵੀਂ ਜਹੀ ਕੋਲੋ ਲੰਘਦੀ ਆ ਓਹ

ਸੋਹਣੀ ਤਾਂ ਓਹ ਰੂਹ ਦੀ ਵੀ ਆ
ਪਰ ਅੱਖਾਂ ਨਾ ਵੀ ਡੰਗਦੀ ਆ ਓਹ

ਸੁਣਿਆ ਜ਼ਮਾਨਾ ਭਰੋਸੇ ਦਾ ਨਹੀਂ
ਤਾਂ ਵੀ ਸਭ ਮੈਂਨੂੰ ਮੰਨਦੀ ਆ ਓਹ

ਹਰ ਪਲ ਹੀ 'ਜੱਸ' ਕੋਲ ਰਹੇ ਬਸ
ਰੱਬ ਕੋਲੋ ਇਹੀ ਮੰਗਦੀ ਆ ਓਹ
✪


www.punjabibookspdf.com

# ਸੱਚੀ ਬਹੁਤਾ ਔਖਾ ਰਾਹ ਏ

ਇਸ਼ਕੇ ਦਾ ਇਹ ਜੋ ਵੀ ਰਾਹ ਏ
ਸੱਚੀ ਬਹੁਤਾ ਔਖਾ ਰਾਹ ਏ

ਮੈਂ ਤੇਰਾ ਤੂੰ ਮੇਰੀ ਹੋਈ
ਤੇਰਾ ਸ਼ਾਹ ਜੋ ਮੇਰਾ ਸ਼ਾਹ ਏ

ਦੋਹਾਂ ਦੀ ਮਨਜ਼ੂਰੀ ਜਰੂਰੀ
ਤੇਰੀ ਹਾਮੀ ਮੇਰੀ ਹਾਂ ਏ

ਖ਼ਤਮ ਏ ਰਸਤਾ ਹਾਲ਼ੇ ਤਾਂ 'ਜੱਸ'
ਕੌਣ ਜਾਣੇ ਅੱਗੇ ਕਿੰਨਾਂ ਰਾਹ ਏ

ਐਨੇ ਆਸ਼ਿਕ ਰਾਹ ਵਿੱਚ ਮਰਗੇ
ਸੱਚੀ ਬਹੁਤਾ ਔਖਾ ਰਾਹ ਏ
✪


www.punjabibookspdf.com

## ਸੱਜਣਾ

ਜਿਸਨੂੰ ਦੇਖ ਕੇ ਹਰ ਵਾਰੀ ਹੀ ਪਿਆਰ ਜਿਹਾ ਹੋ ਜਾਂਦਾ
ਕਦੇ ਕਦਾਈ ਓਹਵੀ ਮਨ ਤੋ ਉੱਤਰ ਜਾਂਦੀ ਏ
ਭੁੱਲ ਜਾਂਦੇ ਕਈ ਪਿਆਰ ਦੀ ਕੀਮਤ ਕੇਵਲ ਜਿਸਮਾਂ ਲਈ
ਦੁਨੀਆ ਇਥੇ ਬਹੁਤੀ ਬੇਬੁਨਿਆਦੀ ਏ ਸੱਜਣਾ....

ਮਿਲ ਵੀ ਲੈਣਾ ਚਾਹੀਦਾ ਅੱਖੋਂ ਦੂਰੇ ਹਾਣੀ ਨੂੰ
ਬੌਹਤੀ ਦੂਰੀ ਕਈਆ ਕੋਲੋ ਝੱਲ ਨਹੀਂ ਹੁੰਦੀ
ਕੱਲ੍ਹ ਮਿਲਾਗੇ ਜਾ ਫਿਰ ਮਿਲਦੇ ਆਉਂਦੇ ਸੁੱਕਰ ਨੂੰ
ਵਜਾਹ ਤਾ ਕੋਈ ਹੋਉ ਏਸ ਬਹਾਨੇ ਦੀ ਸੱਜਣਾਂ....

ਸੁਣਿਆ ਮੁਲਕ ਬਿਗਾਨੇ ਜਾਕੇ ਹੂਰਾਂ ਮੁੱਕਰ ਦੀਆਂ
ਕਰਨ ਨਾ ਫੇਰ ਲਿਹਾਜ਼ ਇਹ ਪਾਏ ਹੱਥੀਂ ਚੂੜੇ ਦਾ
'ਜੱਸ' ਸ਼ਾਇਰਾ ਫੇਰ ਪਿਆਰ ਕੀ ਸੱਚਾ ਰਹਿ ਜਾਣਾ
ਹਵਾ ਜੇ ਕਿਧਰੇ ਲਗਜੇ ਸਹਿਰ ਬਿਗਾਨੇ ਦੀ ਸੱਜਣਾ.....
✪


www.punjabibookspdf.com

## ਸਤੀਆ ਸੇਈ

ਰੱਬ ਕੀ ਤਕਦੀਰਾਂ ਬਦਲਦਾ
ਲਿਆ ਖੋਹ ਤੂੰ ਮੇਰਾ ਸੁਹਾਗ

ਹੁਣ ਖ਼ੁਸ਼ੀਆਂ ਨਾ ਮਾਣੀਆਂ
ਭਰੇ ਜ਼ਿੰਦਗੀ ਵਿਚ ਵੈਰਾਗ

ਮੈਂ ਨੀਰ ਚਲਾਇਆ ਅੱਖਾਂ 'ਚੋਂ
ਭਰੀ ਗਲੇ ਤੀਕ ਚਨਾਬ

ਮੈਂ ਪਿੰਜ ਲਈ ਵੇ ਤੇਰੇ ਇੰਤਜ਼ਾਰ ਨੇ

ਨਾ ਮਹਿਕ ਖਿਲੇ ਤੇਰੇ ਹਾਸੇ ਦੀ
ਨਾ ਵੱਜਦਾ ਸੁਣੇ ਰਬਾਬ

ਖੌਰੇ ਕਦਾਈ ਮੁੜ ਆਏ
ਜੇ ਮੈਂ ਮਾਰਾ ਤੈਨੂੰ ਅਵਾਜ

ਖੱਤ ਕੋਈ ਮੈਂਨੂੰ ਪਾ ਦਏ
ਲਿਖ ਭਗਤ ਦੀ ਕਲਮ ਦੇ ਨਾਲ


www.punjabibookspdf.com

ਮੈਂ ਚੁੰਮਕੇ ਖੱਤ ਪੜ੍ਹ ਸਾਂਭ ਲਾ
'ਜੱਸ' ਲੱਭ ਨਾ ਸਕੇ ਜਹਾਨ

ਮੈਂ ਮੰਗੀਂ ਵੇ ਨਾਲ ਭਗਤ ਦੇ
ਮੈਂਨੂੰ ਓਹਦੇ ਉੱਤੇ ਮਾਣ

ਓਹ ਬੁਝਿਆ ਨੂੰ ਅੱਗ ਲਾ ਗਿਆ
ਸੀ ਐਸੀ ਓਹ ਅੰਗਾਰ

ਰੱਬ ਕੀ ਤਕਦੀਰਾਂ ਬਦਲਦਾ
ਲਿਆ ਖੋਹ ਤੂੰ ਮੇਰਾ ਸੁਹਾਗ
✪


www.punjabibookspdf.com

# ਸਮਾਂ ਲੰਘਿਆਂ ਜੇ ਮੁੜ ਆਵੇ

ਸਮਾਂ ਲੰਘਿਆਂ ਜੇ ਮੁੜ ਆਵੇ
ਕੀ ਖੁਸੀਆਂ ਤੇ ਕੀ ਹਾਸੇ ਹੋਣੇ

ਮਾੜੀ ਮਾੜੀ ਗੱਲ ਉੱਤੇ ਹੀ
ਨਿੱਤ ਨਵੇਂ ਨਵੇਂ ਤਮਾਸ਼ੇ ਹੋਣੇ

ਨਾ ਨਫ਼ਰਤ ਤੇ ਨਾ ਸਮਝ ਪਿਆਰ ਦੀ
ਓਦੋਂ ਨਾ ਹੀ ਝੂਠੇ ਦਿਲਾਸੇ ਹੋਣੇ

ਨੱਚਦੇ ਟੱਪਦੇ ਦਿਨ ਲੰਘ ਜਾਂਦੇ
ਨਾ ਘਰਦਿਆ ਤੋਂ ਪਾਸੇ ਹੋਣੇ

ਮਿੱਠੇ ਬੋਲ ਦਿਲਾਂ ਨੂੰ ਚੁੰਮਣ
'ਜੱਸ' ਬੋਲ ਮਿੱਠੇ ਪਤਾਸੇ ਹੋਣੇ

ਸਮਾਂ ਲੰਘਿਆਂ ਜੇ ਮੁੜ ਆਵੇ
ਕੀ ਖੁਸੀਆਂ ਤੇ ਕੀ ਹਾਸੇ ਹੋਣੇ

✪


www.punjabibookspdf.com

# ਸਿੱਧੀ ਸਾਧੀ ਜਹੀ ਆ ਬਹੁਤੀ ਸੰਗ ਕਰਦੀ

ਸਿੱਧੀ ਸਾਧੀ ਜਹੀ ਆ ਬਹੁਤੀ ਸੰਗ ਕਰਦੀ
ਥੋੜਾ ਬਹੁਤਾ ਨਹੀਂ ਓਹ ਕਾਫ਼ੀ ਤੰਗ ਕਰਦੀ

ਤੋਹਫ਼ੇ ਤਾਂ ਸੱਚ ਦੱਸਾਂ ਓਹਨੂੰ ਪਸੰਦ ਨਹੀਂ
ਹੱਥ ਓਹਦਾ ਨਾ ਛੱਡਾ ਏਹੋ ਮੰਗ ਕਰਦੀ

ਜੀਅ ਜੇਹਾ ਲਾਈ ਰੱਖਦੀ ਮਿੱਠੀਆਂ ਗੱਲਾਂ ਨਾਲ
ਖ਼ੁਸ਼ ਰੱਖਣ ਲਈ ਵੱਖਰੇ ਵੱਖਰੇ ਢੰਗ ਕਰਦੀ

'ਜੱਸ' ਜਦ ਓਹ ਨੀਵੀਂ ਪਾ ਕੇ ਅੱਖਾਂ ਚੱਕਦੀ ਏ
ਤੱਕਣੀ ਓਹਦੀ ਖ਼ਲਕਤ ਦੇ ਵਿਚ ਰੰਗ ਭਰ ਦੀ

ਚੁੱਪ ਚੁਪੀਤੀ ਖੜ੍ਹੀ ਰਹੇ ਕਿਸੇ ਓਪਰੇ ਨਾਲ
ਸਿੱਧੀ ਸਾਧੀ ਜਹੀ ਆ ਬਹੁਤੀ ਸੰਗ ਕਰਦੀ
✪


www.punjabibookspdf.com

# ਸਿਰ ’ਤੇ ਰੱਖੀ ਗਠੜੀ ’ਚੋਂ ਮੈਂ

ਸਿਰ ’ਤੇ ਰੱਖੀ ਗਠੜੀ ’ਚੋਂ ਮੈਂ
ਅੱਜ ਕੁਝ ਯਾਦਾਂ ਕੱਢੀਆਂ ਨੇ

ਕਈ ਯਾਦਾਂ ਤੇ ਕਈ ਅਫ਼ਸਾਨੇ
ਕਈ ਯਾਦਾਂ ਵੱਡੀਆਂ ਨੇ

ਕਈ ਲਈਆਂ ਮੈਂ ਰੱਖ ਸਾਂਭ ਕੇ
ਕਈ ਓਵੇਂ ਹੀ ਛੱਡੀਆਂ ਨੇ

ਦਿਲ ਹਾਲੇ ਤੱਕ ਪਹਿਚਾਣਦਾ ਏ ‘ਜੱਸ’
ਜੋ ਤਸਵੀਰਾਂ ਕੱਢੀਆਂ ਨੇ
✪


www.punjabibookspdf.com

# ਸੋਹਣੀ ਲੱਗਦੀ ਏ

ਓਹ ਜਦ ਵੀ ਮੈਨੂੰ ਅੱਖ ਜਹੀ ਭਰ ਕੇ ਤੱਕਦੀ ਏ
ਸੌਂ ਰੱਬ ਦੀ ਉਹ ਬਹੁਤੀ ਸੋਹਣੀ ਲੱਗਦੀ ਏ

ਓਹ ਹੋਰਾ ਵਾਂਗੂੰ ਵਾਹਲੀ ਤਾਂ ਸ਼ੋਕੀਨ ਨਹੀਂ
ਸੱਚ ਦੱਸਾ ਤਾਂ ਓਹ ਸਾਦਗੀ ਵਿੱਚ ਵੀ ਫੱਬਦੀ ਏ

ਇੱਕ ਓਹਦਾ ਹੱਸਣਾ ਦਿਲ ਨੂੰ ਢੇਰੀ ਕਰ ਦਿੰਦਾ
ਸੰਗ ਓਹਦੀ ਤਾ ਮੇਰੀ ਜਾਨ ਜਹੀ ਕੱਢਦੀ ਏ

ਨਖ਼ਰੇ ਤਾਂ ਗਹਿਣਾ ਹੁੰਦੇ ਹਰ ਮੁਟਿਆਰ ਦਾ
ਬਸ ਨਿੱਕੀ ਨਿੱਕੀ ਗੱਲ ਤੇ ਐਵੇ ਰੁੱਸ ਜਾਵੇ
ਕਦੇ ਕਦਾਈਂ ਬਹੁਤੀ ਜਲਦੀ ਮੰਨਦੀ ਏ

ਗੁੱਸਾ ਵੀ ਵਾਧੂ ਕਰ ਲੈਂਦੀ ਆ ਮੇਰੇ ਤੇ
ਕਰ ਸਕਦੀ ਆ ਓਹਦੀ ਹੀ ਤਾਂ ਚੱਲਦੀ ਏ

ਉਂਝ ਤਾਂ ਨੇੜੇ ਬਹੁਤੇ ਆ ਇਕ ਦੂਜੇ ਦੇ
'ਜੱਸ' ਸ਼ਾਇਰਾ ਸ਼ਹਿਰਾ ਦੀ ਦੂਰੀ ਠੱਗਦੀ ਏ
✪


www.punjabibookspdf.com

# ਹਾਂਜੀ ਹਾਂ ਜ਼ਰੂਰੀ ਹੈ

ਭਾਵੇਂ ਤੇਰਾ ਹੱਕ ਮੇਰੇ ਤੇ ਪਰ
ਇਕ ਮਾਫੀ ਪਹਿਲੀ ਲਗਜ਼ਿਸ਼ ਦੇ ਲਈ
ਹਾਂਜੀ ਹਾਂ ਜ਼ਰੂਰੀ ਹੈ

ਬਹੁਤ ਹੁਸ਼ਿਆਰ ਹੈ ਤੂੰ ਲਾਰੈਬ
ਪਰ ਕਦੀ ਕਦਾਈ ਆਰਜੂ ਵੀ
ਹਾਂਜੀ ਹਾਂ ਜ਼ਰੂਰੀ ਹੈ

ਮੁੰਤਜ਼ਿਰ ਹਾਂ ਮੈਂ ਦੀਦ ਲਈ ਮੁਹੱਬਤ ਚ
ਏਸ ਕੰਮ ਲਈ ਕੋਈ ਵਾਇਜ
ਹਾਂਜੀ ਹਾਂ ਜ਼ਰੂਰੀ ਹੈ
✪


www.punjabibookspdf.com

# ਹਾਂਜੀ ਬੇਰੀ ਪੱਕ ਗਈ ਏ

ਹਾਂਜੀ ਬੇਰੀ ਪੱਕ ਗਈ ਏ
ਸਾਰੇ ਬੇਰ ਹੀ ਕਿਰ ਗਏ ਨੇ

ਰੋੜੇ ਖਾ ਖਾ ਅੱਕ ਗਈ ਏ
ਟਾਹਣੇ ਟਹਿਣੀਆਂ ਤਿੜ ਗਏ ਨੇ

ਬਾਲਣ ਜੋਗੀ ਰਹਿ ਗਈ ਏ
ਲੱਠੇ ਘਰ ਘਰ ਖਿੰਡ ਗਏ ਨੇ

ਦੁਨੀਆਂ ਕੰਡਿਆਂ ਪਿੱਛੇ ਲੜ੍ਹ ਪਈ ਏ
'ਜੱਸ' ਲੋਕੀ ਐਨਾ ਗਿਰ ਗਏ ਨੇ
✪


www.punjabibookspdf.com

# ਹੋ ਜਾਂਦਾ ਏ ਕਰਿਆ ਨਹੀਂ ਮੈਂ..!

ਹੋ ਜਾਂਦਾ ਏ ਕਰਿਆ ਨਹੀਂ ਮੈਂ..!

ਸਾਰੇ ਹੀ ਰੱਬ ਦੇ ਜੀ ਨੇ ਪਿਆਰੇ
ਬਹੁਤੇ ਚੰਗੇ ਲੱਗਦੇ ਸਾਰੇ

ਸਿੱਧਾ ਦਿਆ ਜਵਾਬ ਮੈਂ ਖੁੱਲ ਕੇ
ਮੇਰੇ ਤੋਂ ਨਹੀਂ ਲੱਗਦੇ ਲਾਰੇ

ਡਿੱਗੇ ਜਦੋਂ ਦੁੱਖ ਆਕੇ ਮੂਹਰੇ
ਲਖਤਾ ਦਿਲ ਦਾ ਭਰਿਆ ਨਹੀਂ ਮੈਂ

ਸੁਣਿਆ ਇਸ਼ਕ, ਪਿਆਰ, ਮੁਹੱਬਤ
ਹੋ ਜਾਂਦਾ ਏ ਕਰਿਆ ਨਹੀਂ ਮੈਂ
✪


www.punjabibookspdf.com

# ਹੱਸਣ ਲੱਗ ਪਿਆ ਏ

ਚੰਗੀ ਗੱਲ ਏ ਜੋ ਤੂੰ
ਹੱਸਣ ਲੱਗ ਪਿਆ ਏ

ਲੋਕੀ ਕਹਿੰਦੇ ਕਿਉਂ ਤੂੰ
ਹੱਸਣ ਲੱਗ ਪਿਆ ਏ

ਪਹਿਲਾਂ ਤਾਂ ਕਹਿੰਦਾ ਸੀ
ਹਾਲ ਨਾ ਪੁੱਛਿਆ ਕਰ

ਹੁਣ ਆਪਣੇ ਆਪ ਹੀ
ਸਭ ਕੁਝ ਦੱਸਣ ਲੱਗ ਪਿਆ ਏ
✪


www.punjabibookspdf.com

# ਕੌਣ ਜਾਣੇ ਕੀ ਹੋ ਜਾਣਾ ਏ

ਸੋਚਿਆ ਸੀ ਵਫ਼ਾ ਕਰੂਗਾਂ
ਕੌਣ ਜਾਣੇ ਕੀ ਹੋ ਜਾਣਾ ਏ

ਸੋਚਿਆ ਸੀ ਅਸੀ ਕਦੇ ਮਿਲਾਂਗੇ
ਕੌਣ ਜਾਣੇ ਕੀ ਹੋ ਜਾਣਾ ਏ

ਦਿਲ ਦੀ ਦਿਲ ਨੂੰ ਦੱਸਦੇ ਰਹੇ
ਕਦੇ ਰੋਂਦੇ ਤੇ ਕਦੇ ਹੱਸ ਦੇ ਰਹੇ

ਦੂਰੀ ਕੋਈ ਬਹਾਨਾ ਨਹੀਂ ਉਂਝ
ਸਾਡਾ ਏਹੋ ਸੀ ਅਫ਼ਸਾਨਾ ਉਂਝ

ਸੋਚਦੇ ਆ ਓਹ ਕਦੀ ਤੇ ਟੱਕਰੂ
ਕੌਣ ਜਾਣੇ ਕੀ ਹੋ ਜਾਣਾ ਏ
✪


www.punjabibookspdf.com

# ਕਈ ਲੱਖਾਂ ਮੀਲਾਂ ਤੈਅ ਕਰਲੇ ਮੈਂ ਇਸ਼ਕੇ ਦੇ

ਕਈ ਲੱਖਾਂ ਮੀਲਾਂ ਤੈਅ ਕਰਲੇ ਮੈਂ ਇਸ਼ਕੇ ਦੇ
ਤੇਰਾ ਹਾਲੇ ਇਸ਼ਕ ਦੇ ਸ਼ਹਿਰ ਚ ਫੇਰਾ ਪਹਿਲਾ ਏ

ਕੰਮ ਛੱਡ ਕੇ ਵਖਤ ਗੁਜਾਰਿਆ ਓਹਦੀ ਮੁਹੱਬਤ ’ਚ
ਕੀ ਕੁਝ ਨਹੀਂ ਸੀ ਤੱਕਿਆ ਓਹਦੀ ਫੱਬਤ ’ਚ

ਰੰਗ ਰਲੀਆਂ ਵੀ ਕਰੀਆਂ ਵਾਧੂ ਕੱਠਿਆਂ ਨੇ
ਪਰ ਹਾਲੇ ਵੀ ਏ ਸਫ਼ਰ ਕੈਦ ਦਾ ਜਾਰੀ ਏ

‘ਜੱਸ’ ਸ਼ਾਇਰ ਦਾ ਸੁਣੀ ਮਸ਼ਵਰਾ ਤੂੰ ਯਾਰਾ
ਹਾਂ ਮੁੜਜਾ ਵਾਪਸ ਇਸ਼ਕ਼ ਦੀ ਚੋਟ ਕਰਾਰੀ ਏ

ਬੜੇ ਬਣੇ ਨੇ ਸ਼ਾਇਰ ਇਸ਼ਕ਼ ਅਦਾਰੇ ’ਚੋਂ
ਤੇਰਾ ਨਵੀਂ ਕਲਮ ਨਾਲ ਲਿਖਿਆ ਸ਼ਿਅਰ ਵੀ ਪਹਿਲਾ ਏ

ਕਈ ਲੱਖਾਂ ਮੀਲਾਂ ਤੈਅ ਕਰਲੇ ਮੈਂ ਇਸ਼ਕੇ ਦੇ
ਤੇਰਾ ਹਾਲੇ ਇਸ਼ਕ ਦੇ ਸ਼ਹਿਰ ’ਚ ਫੇਰਾ ਪਹਿਲਾ ਏ


www.punjabibookspdf.com

# ਕਸਮੇਂ ਅੰਦਰ ਟੁੱਟ ਜਾਂਦਾ ਏ

ਕਸਮੇਂ ਅੰਦਰ ਟੁੱਟ ਜਾਂਦਾ ਏ

ਸੱਚੀਆਂ ਗੱਲਾਂ ਕਰਨ ਵਾਲੇ
ਇਕ ਗੱਲ ਕੋਈ ਝੂਠੀ ਕਹਿ ਜਾਵਣ ਜਦ

ਕਸਮੇਂ ਅੰਦਰ ਟੁੱਟ ਜਾਂਦਾ ਏ

ਭੱਜ ਕੇ ਜਿੱਤਣ ਵਾਲੇ ਸੱਜਣਾਂ
ਬਿਨ੍ਹਾਂ ਭੱਜੇ ਹੀ ਪਿੱਛੇ ਰਹਿ ਜਾਵਣ ਜਦ

ਕਸਮੇਂ ਅੰਦਰ ਟੁੱਟ ਜਾਂਦਾ ਏ

ਖੁਦ ਦੀਆਂ ਗਲਤੀਆਂ ਮੰਨਣ ਵਾਲੇ
ਰੱਬ ਨੂੰ ਨਘੋਚਣ ਬਹਿ ਜਾਵਣ ਜਦ

ਕਸਮੇਂ ਅੰਦਰ ਟੁੱਟ ਜਾਂਦਾ ਏ

ਬਹੁਤੀ ਗੁਰਬਤ ਵਿੱਚੋਂ ਨਿਕਲੇ ਹੋਏ
ਕੱਖਾਂ ਦੇ ਹੀ ਰਹਿ ਜਾਵਣ ਜਦ


www.punjabibookspdf.com

ਕਸਮੇਂ ਅੰਦਰ ਟੁੱਟ ਜਾਂਦਾ ਏ

ਆਪਣੇ ਹੱਥੀ ਪਲ਼ੇ ਹੋਏ 'ਜੱਸ'
ਜੜ੍ਹਾਂ ਦੇ ਵਿੱਚ ਹੀ ਬਹਿ ਜਾਵਣ ਜਦ

ਕਸਮੇਂ ਅੰਦਰ ਟੁੱਟ ਜਾਂਦਾ ਏ
✪


www.punjabibookspdf.com

# ਕੱਖ ਕੰਡਿਆਂ ਤੋਂ ਜਿਆਦਾ ਦਰਦੀ

ਕੱਖ ਕੰਡਿਆਂ ਤੋਂ ਜਿਆਦਾ ਦਰਦੀ
ਅੱਜ ਕੱਲ੍ਹ ਦੂਜੇ ਮਹੀਨੇ ਦੀ ਸਰਦੀ

ਇਸ਼ਕ਼ ਤਪਸ ਦੀ ਓਸ ਵੇ ਸੱਜਣਾਂ
ਸੁਣਿਆ ਇਹ ਮਹੀਨੇ ਵਿਚ ਤਰਦੀ

ਬੜੀ ਪੁਰਾਣੀ ਰੀਤ ਏ ਜਗ ਤੇ
ਬਲੀ ਸਦਾ ਮਿਰਜ਼ੇ ਦੀ ਚੜ੍ਹਦੀ

ਵਖਤ ਆਉਣ ਤੇ ਦਿਲ ਦੇ ਸਾਈਆਂ
ਸਹਿਬਾ ਵੀਰਾਂ ਦੇ ਵੱਲ ਖੜ੍ਹਦੀ

ਸਦਾ ਪੈਰ ਸਿਵਿਆਂ ਨੂੰ ਲੈਜੇ
ਅੱਲ੍ਹੜ ਉਮਰੇ ਅੱਖ ਜੋ ਲੜਦੀ

ਏਸ ਜੁਗ ਦੀ ਗੱਲਬਾਤ ਅਨੋਖੀ
ਹੁਣ ਨਹੀਂ ਸੋਹਣੀ ਕੱਚੇ ਤੇ ਤਰਦੀ

ਕੱਖ ਕੰਡਿਆਂ ਤੋਂ ਜਿਆਦਾ ਦਰਦੀ
ਅੱਜ ਕੱਲ੍ਹ ਦੂਜੇ ਮਹੀਨੇ ਦੀ ਸਰਦੀ


www.punjabibookspdf.com

ਜੋਬਨ ਰੁੱਤੇ ਪੂਰਨ ਉੱਤੇ
ਆਈ ਜਵਾਨੀ ਅੰਬਰ ਚੁੰਮੇ

ਉਥੇ ਹੀ ਚੰਬਿਆਲ ਦੀ ਲੂਣਾ
ਆਪਣੀ ਉਮਰ ਦਾ ਹਾਣੀ ਲੱਭੇ

ਦੂਰ ਕਿਤੇ 'ਜੱਸ' ਮਾਂ ਪੂਰਨ ਦੀ
ਆਪਣੇ ਪੁੱਤ ਲਈ ਖ਼ੈਰਾਂ ਪੜ੍ਹਦੀ

ਕੱਖ ਕੰਡਿਆਂ ਤੋਂ ਜਿਆਦਾ ਦਰਦੀ
ਅੱਜ ਕੱਲ੍ਹ ਦੂਜੇ ਮਹੀਨੇ ਦੀ ਸਰਦੀ
✪


www.punjabibookspdf.com

# ਕੱਖ ਨਹੀਂ ਕੀਤਾ ਜਾ ਸਕਦਾ

ਜੇ ਓਹਨੂੰ ਰੱਬ ਦਾ ਦਰਜ਼ਾ ਦਿੱਤਾ
ਫਿਰ ਰੱਬ ਉੱਤੇ
ਸ਼ੱਕ ਨਹੀਂ ਕੀਤਾ ਜਾ ਸਕਦਾ

ਚਾਹੇ ਜਿੰਨੀ ਮਰਜ਼ੀ ਨਫ਼ਰਤ ਦਿਲ ਵਿਚ ਭਰ ਜਾਵੇ
ਪਿਆਰ ਦਿਲਾਂ 'ਚੋਂ
ਵੱਖ ਨਹੀਂ ਕੀਤਾ ਜਾ ਸਕਦਾ

ਜੀਹਨੇ ਮੇਰੇ ਤੇ ਲੱਖਾਂ ਅਹਿਸਾਨ ਕਰੇ 'ਜੱਸ'
ਇਕ ਗਲਤੀ ਨਾਲ ਓਹਨੂੰ
ਕੱਖ ਨਹੀਂ ਕੀਤਾ ਜਾ ਸਕਦਾ
✪


www.punjabibookspdf.com

# ਕਮਾਲ ਏ...

ਇੱਕ ਓਹਦਾ ਸਵੇਰੇ ਜਲਦੀਂ ਉੱਠਣਾ
ਚੜ੍ਹਦੇ ਸੂਰਜ ਦੀ ਲਾਲੀ ਲੁੱਟਣਾ

ਇਸ਼ਕੇ ਦੀ ਮਿੱਠੀ ਚਾਹ ਵਿੱਚ
ਓਹਦਾ ਲੌਂਗ ਲਾਚੀਆ ਕੁਟਣਾਂ

ਇੱਕੋ ਕੱਪ ਦੇ ਵਿੱਚ ਭਰਕੇ ਫ਼ਿਰ
ਖੁਦ ਜੂਠੀ ਕਰਕੇ ਮੈਨੂੰ ਪੁੱਛਣਾ

ਕਮਾਲ ਏ...

ਜ਼ਿੰਦਗੀ ਦੇ ਬੇਰੰਗ ਖੰਭਾਂ ਨੂੰ
ਓਹਨੇ ਛੂਹ ਕੇ ਰੰਗ ਏ ਭਰਨਾਂ

ਸੀਤਲ ਸ਼ਾਂਤ ਸਮੁੰਦਰ 'ਚੋਂ
ਘੁੱਟ ਪੀ ਕੇ ਨਿੱਘਾ ਤੇ ਚਲਦਾ ਕਰਨਾ

ਤਿੱਖੀ ਤਿੱਖੀ ਧੁੱਪ ਪੈਂਦੀ ਤੇ
ਕਿਸੇ ਪਿੱਪਲ ਵਾਂਗੂ ਛਾਵਾਂ ਕਰਨਾ

ਕਮਾਲ ਏ...


www.punjabibookspdf.com

ਪੁੱਛਣ ਤੇ ਨਾ ਦੱਸੇ ਕਦੇ ਵੀ
ਪਰ ਬਿਨ੍ਹਾਂ ਪੁੱਛੇ ਹੀ ਸਭ ਕੁੱਝ ਦੱਸਣਾ

ਸੇਤੀ ਨਾ ਓਹ ਗੁੱਸੇ ਹੋਵੇ
ਗੁੱਸੇ ਵਿੱਚ ਖਾਮੋਸੀ ਰੱਖਣਾ

ਉਂਝ ਤਾਂ ਸੋਹਣੀ ਬਹੁਤੀ ਲੱਗੇ
ਪਰ ਓਹਦਾ ਮੈਂਨੂੰ ਤੱਕ ਕੇ ਹੱਸਣਾ

ਕਮਾਲ ਏ...

✪


www.punjabibookspdf.com

# ਕਾਫੀ ਵੱਡਾ ਜ਼ੇਰਾ ਤੇਰਾ

ਸ਼ੀਸ਼ੇ ਵਿੱਚ ਨਹੀਂ ਰਹਿੰਦਾ ਹੋਣਾ
ਤੇਰਾ ਹੀ ਇਹ ਚੇਹਰਾ ਤੇਰਾ

ਦਿਲ ਦੇ ਅੰਦਰ ਝਾਕ ਤੇ ਸੱਜਣਾਂ
ਰਾਤ ਦੇ ਨਾਲੋਂ ਜਿਆਦਾ ਨੇਰ੍ਹਾ

ਆਪੇ ਆਖੇ ਤੇਰਾ ਸੀ 'ਜੱਸ'
ਮੈਂ ਕਦੋਂ ਤੈਨੂੰ ਮੰਨਿਆ ਸੀ ਮੇਰਾ

ਕਿਹੜੀ ਭਟਕਣ ਦੇ ਵਿਚ ਫਿਰਨਾ
ਚੰਦ ਨਾਲ ਵੀ ਕਦੇ ਹੋਇਆ ਸਵੇਰਾ

ਮੈਨੂੰ ਵੀ ਤੂੰ ਭੁੱਲਗਿਆ ਝੱਲਿਆ
ਕਾਫੀ ਵੱਡਾ ਜ਼ੇਰਾ ਤੇਰਾ
✪


www.punjabibookspdf.com

# ਕਿਓਂ ਠਰਦਾ ਲੋਕਾਂ ਦੇ ਦਰਦਾਂ ਵਿਚ

ਕਿੰਨਾਂ ਲਕੋਏਗਾ ਇਨ੍ਹਾ ਹੰਝੂਆਂ ਨੂੰ
ਦੁੱਖਾਂ ਨਾਲ ਮੱਥਾ ਲਾਕੇ ਤਾਂ ਦੇਖ

ਕਿਓਂ ਠਰਦਾ ਲੋਕਾਂ ਦੇ ਦਰਦਾਂ ਵਿਚ
ਖ਼ੁਦ ਦੀਆਂ ਖੁਸੀਆਂ ਵਿਚ ਖ਼ੁਦ ਨੂੰ ਸੇਕ

ਜੇ ਤੂੰ ਮੰਜ਼ਿਲ ਹਾਸਲ ਕਰਨੀ
ਫਿਰ ਨਾ ਸੇਰਾ ਪਿੱਛੇ ਮੁੜਕੇ ਦੇਖ

ਬਲਦੀ ਏਸ ਜਵਾਨੀ ਦੀ ਅੱਗ ਵਿਚ
ਖ਼ੂਨ ਪਸੀਨਾਂ ਡੋਲ੍ਹ ਕੇ ਦੇਖ

'ਜੱਸ' ਜੇ ਨਹੀਂ ਦੱਸਣਾ ਦਰਦ ਕੋਈ ਦਿਲ ਦਾ
ਡਾਇਰੀ ਦਿਲ ਦੀ ਨੂੰ ਫਰੋਲ਼ ਕੇ ਦੇਖ
✪


www.punjabibookspdf.com

# ਕਿੱਡੀ ਗੱਲ ਏ

ਓਹਦਾ ਮੈਂਨੂੰ ਤੱਕਣਾ
ਤੇ ਤੱਕ ਕੇ ਹੱਸਣਾਂ
ਕਿੱਡੀ ਗੱਲ ਏ

ਮੈਨੂੰ ਸਭ ਕੁਝ ਦੱਸਕੇ
ਰਾਜ ਹੀ ਰੱਖਣਾ
ਕਿੱਡੀ ਗੱਲ ਏ

ਚਾਹ ਨਹੀਂ ਪੀਂਦੀ ਓਹ
ਪਰ ਜੂਠੀ ਕਰਕੇ ਮੈਨੂੰ ਪੁੱਛਣਾ
ਕਿੱਡੀ ਗੱਲ ਏ

ਮੇਰਾ ਨਾਂ ਲੈ ਖੁਸ਼ ਹੁੰਦੀ ਓਹ ਸੁਣਿਆਂ ਮੈਂ
ਇਹੋ ਗੱਲੋਂ ਮੈਂਨੂੰ ਵਾਂਝੇ ਰੱਖਣਾ
ਕਿੱਡੀ ਗੱਲ ਏ

ਆਖੇ ਤੂੰ ਕੀ ਸੋਚੇਂਗਾ ਮੈਂ ਤਾਂ ਨਹੀਂ ਦੱਸਿਆ
'ਜੱਸ' ਮੇਰੀਆਂ ਫਿਰਕਾਂ ਕਰਦੀ ਏ ਓਹ
ਕਿੱਡੀ ਗੱਲ ਏ
✪


www.punjabibookspdf.com

# ਕੀ ਮੁਹੱਬਤ

ਇਸ਼ਕ ਦੀ ਮਾਰ ਅਵੱਲੀ ਜਿਹਨੂੰ ਲੱਗ ਜਾਵੇ
ਸੱਚ ਦੱਸਾ ਉਹ ਦੁਨੀਆਂ ਸਾਰੀ ਭੁੱਲ ਜਾਂਦਾ

ਕਹਿੰਦੇ ਨੇ ਝੋਲਾ ਬੰਦ ਹੀ ਰੱਖੋ ਇਸ਼ਕੇ ਦਾ
ਸਾਂਭ ਨਹੀਂ ਹੁੰਦਾ ਜੇ ਕਿਧਰੇ ਇਹ ਖੁਲ੍ਹ ਜਾਂਦਾ

ਐਸੇ ਜਾਲ਼ ਵਸਾਏ ਨਾਗਣ ਜ਼ੁਲਫਾਂ ਦੇ
ਐਸਾ ਉਲਝੇ ਆਸ਼ਿਕ ਜੇ ਇਹ ਖੁੱਲ੍ਹ ਜਾਂਦਾ

ਲੰਘਿਆ ਵੇਲਾ ਸ਼ਾਇਰਾ ਚੇਤੇ ਆ ਜਾਵੇ
ਜੇ ਇੱਕ ਵੀ ਕਤਰਾ ਅਸਕ ਦਾ ਅੱਖੋ ਡੁੱਲ੍ਹ ਜਾਂਦਾ

'ਜੱਸ' ਕੌਣ ਮੁਹੱਬਤ ਕਰਦਾ ਸੱਚੀ ਏਸ ਜ਼ਮਾਨੇ 'ਚ
ਰੂਪ ਦੇਖ ਕੇ ਸਭ ਦਾ ਮਨ ਹੀ ਡੁੱਲ੍ਹ ਜਾਂਦਾ
✪


www.punjabibookspdf.com

# ਕੋਈ ਐਨਾ ਕਿਸਰਾਂ ਟੁੱਟਿਆ ਹੋ ਸਕਦਾ ਏ

ਮਾੜੀ ਮਾੜੀ ਗੱਲ ਉੱਤੇ ਜੀਹਦੇ ਹੰਝੂ ਕਿਰ ਜਾਵਣ
ਕੋਈ ਐਨਾ ਕਿਸਰਾਂ ਟੁੱਟਿਆ ਹੋ ਸਕਦਾ ਏ

ਪਿਆਰ ਦਾ ਨਾਂ ਹੀ ਸੁਣਕੇ ਜੇਹੜਾ ਕੋਨੇ ਲੁਕ ਜਾਵੇ
ਕੋਈ ਐਨਾ ਕਿਸਰਾਂ ਟੁੱਟਿਆ ਹੋ ਸਕਦਾ ਏ

ਇਸ਼ਕ ਪਿਆਰ ਤਾਂ ਦੂਰ ਦੀ ਗੱਲ ਏ
ਰੱਬ ਉੱਤੇ ਵੀ ਵਿਸ਼ਵਾਸ਼ ਨਹੀਂ ਰਹਿੰਦਾ
ਕੋਈ ਐਨਾ ਕਿਸਰਾਂ ਟੁੱਟਿਆ ਹੋ ਸਕਦਾ ਏ

ਟੁੱਟ ਟੁੱਟ ਕੇ ਜੇਹੜਾ ਅੰਦਰੋਂ ਅੰਦਰੀਂ ਧਸ ਗਿਆ ਏ
ਕੋਈ ਐਨਾ ਕਿਸਰਾਂ ਟੁੱਟਿਆ ਹੋ ਸਕਦਾ ਏ

ਲੁੱਟ ਕੇ ਜੀਹਦਾ ਸਾਰਾ ਕੁਝ ਹੀ ਲੈਜੇ ਕੋਈ
'ਜੱਸ' ਕਿਵੇਂ ਓਹਨੇ ਕੋਈ ਆਪਣਾ ਲੁੱਟਿਆ ਹੋ ਸਕਦਾ ਏ

ਕੋਈ ਵਾਸਤਾ ਹੀ ਨਾ ਰਹੇ ਜੀਹਦਾ ਜਗ ਦੇ ਨਾਲ
ਕੋਈ ਐਨਾ ਕਿਸਰਾਂ ਟੁੱਟਿਆ ਹੋ ਸਕਦਾ ਏ
✪


www.punjabibookspdf.com

# ਕੋਈ ਸ਼ਾਇਰ

ਮੈਂ ਸੁਣਿਆ ਕੋਈ ਸ਼ਾਇਰ ਇੱਕ ਸ਼ਾਇਰੀ ਲਿਖਦਾ ਏ
ਕਿੱਦਾ ਕੰਮ ਸਭ ਛੱਡਕੇ ਰੋਜ਼ ਕਹਾਣੀ ਲਿਖਦਾ ਏ

ਸੁਣਿਆ ਏ ਓਹ ਸੌਕੀਨ ਬੜਾ ਏ ਘੁੰਮਣ ਦਾ
ਆਪਣੀ ਲੋਰ 'ਚ ਮਗਨ ਹੁੰਦਾ ਓਹ ਜਦ ਵੀ ਦਿਖਦਾ ਏ

ਬਹੁਤੇ ਘੱਟ ਨੇ ਲੋਕ ਜਿਨ੍ਹਾਂ ਨਾਲ ਮੁਸਾਇਰਾ ਕਰੇ
ਪੜ੍ਹਿਆ ਨਹੀਂ ਅੱਜ ਤੀਕ ਕਿਸੇ ਓਹ ਜੋ ਵੀ ਲਿਖਦਾ ਏ

ਇਕ ਵਾਰੀ ਮੈਨੂੰ ਪੜ੍ਹਨੇ ਦਾ ਸੀ ਮੌਕਾ ਮਿਲਿਆ
ਰੱਬ ਜਾਣੇ ਖੌਰੇ ਕੀ ਓਹ ਸੋਚ ਕੇ ਲਿਖਦਾ ਏ

ਵੜੀ ਸੋਹਣੀ ਤਾਰੀਫ਼ ਕਰੀ ਓਹਨੇ ਇੱਕ ਮੁਟਿਆਰ ਦੀ
ਕਿੰਨੀ ਸੋਹਣੀ ਹੋਣੀ ਜੀਹਨੂੰ ਸੋਚ ਕੇ ਲਿਖਦਾ ਏ

'ਜੱਸ' ਸ਼ਾਇਰ ਦਿਲਦਾਰ ਹੋਇਆ ਉਂਝ ਲੱਖਾਂ ਫੁੱਲਾਂ ਦਾ
ਖੁਸ਼ਬੋ ਗ਼ੁਲਾਬ ਦੀ ਸੋਹਣੀ ਲੱਗੇ ਓਹ ਜਦ ਵੀ ਖਿਲਦਾ ਏ

ਮੈਂ ਸੁਣਿਆ ਕੋਈ ਸ਼ਾਇਰ ਇੱਕ ਸ਼ਾਇਰੀ ਲਿਖਦਾ ਏ
ਕਿੱਦਾ ਕੰਮ ਸਭ ਛੱਡਕੇ ਰੋਜ਼ ਕਹਾਣੀ ਲਿਖਦਾ ਏ
✪


www.punjabibookspdf.com

# ਕਹਿ ਤਾਂ ਦੇਵੇ ਤੇਰੀ ਹੀ ਆ

ਗੱਲਾਂ ਗੱਲਾਂ ਦੇ ਵਿੱਚ ਚਾਹੇ
ਕਹਿ ਤਾਂ ਦੇਵੇ ਤੇਰੀ ਹੀ ਆ

ਢਾਹ ਲਏ ਚਾਹੇ ਸਾਂਭ ਕੇ ਰੱਖ ਲਏ
ਮੈਂ ਤਾਂ ਸੱਚੀ ਢੇਰੀ ਹੀ ਆ

ਗੱਲ ਨੂੰ ਸਮਝ ਉਹ ਛੇਤੀ ਜਾਵੇ
ਚੰਦਰੀ ਕਦੇ ਜਜ਼ਬਾਤ ਵੀ ਦੇਖੇ

ਰੋਕ ਲਵੇ ਚਾਹੇ ਮੋੜ ਦਵੇ ਹੁਣ
ਉਹਦੇ ਸ਼ਹਿਰ ਚ ਅੰਤਮ ਫੇਰੀ ਹੀ ਆ

ਗੱਲਾਂ ਗੱਲਾਂ ਦੇ ਵਿੱਚ ਚਾਹੇ
ਕਹਿ ਤਾਂ ਦੇਵੇ ਤੇਰੀ ਹੀ ਆ
✪


www.punjabibookspdf.com

# ਕਿਓਂ ਕੀਤਾ ਮੈਂ ਉਹਦੇ ਨਾਲ

ਪਿਆਰ ਜਿਹਾ ਕਰਕੇ ਦੂਰ ਹੋ ਜਾਣਾ
ਕਿਓਂ ਕੀਤਾ ਮੈਂ ਉਹਦੇ ਨਾਲ

ਕਸਮੇਂ ਅੰਦਰੋ ਮਰ ਚਲਿਆ ਮੈਂ
ਮਰਿਆਂ ਵਰਗੇ ਮੇਰੇ ਹਾਲ

ਸੱਚੀ ਮਾਫੀ ਨਹੀਂ ਬਣਦੀ
ਜੋ ਕੀਤਾ ਮੈਂ ਉਹਦੇ ਨਾਲ

ਉਹਨੂੰ ਮਰਨੇ ਛੱਡ ਆਯਾ ਸ਼ਾਇਰਾ
ਕਿਓਂ ਕੀਤਾ ਮੈਂ ਉਹਦੇ ਨਾਲ

ਜੋ ਕੀਤਾ ਮੈਂ ਉਹਦੇ ਨਾਲ
ਕਿਓਂ ਕੀਤਾ ਮੈਂ ਉਹਦੇ ਨਾਲ
✪


www.punjabibookspdf.com

# ਕਿੱਥੋਂ ਕਿੱਥੇ ਤੱਕ ਆ

ਦੇਖੋ ਜੀ ਮੈਂ ਪਿਆਰ ’ਚ
ਕਿੱਥੋਂ ਕਿੱਥੇ ਤੱਕ ਆ

ਉਹਦਾ ਹੀ ਆ ਬਸ ਹੁਣ
ਜਿੱਥੋ ਜਿੱਥੇ ਤੱਕ ਆ

ਹੁਣ ਨਹੀਂ ਹੋਰ ਮੈਂ ਇਸਤੋ
ਅੱਗੇ ਵਧਣਾ ਚਾਹੁੰਦਾ

ਉਹਦਾ ਹੋਕੇ ਰਹਿਣਾ ਮੈਂ
ਬਸ ਹੁਣ ਜਿੱਥੇ ਤੱਕ ਆ

ਮੈਨੂੰ ਤਾਂ ਹੱਦੋਂ ਵਧਕੇ ਆ
ਉਹਨੂੰ ਕਿੱਥੇ ਤੱਕ ਆ

ਉਹਨੂੰ ਮੇਰੇ ਨਾਲ ਮੁਹੱਬਤ
ਕਿੱਥੋਂ ਕਿੱਥੇ ਤੱਕ ਆ


www.punjabibookspdf.com

# ਖ਼ੈਰ ਜੋ ਹੋਇਆ ਰੱਬ ਦੀ ਮਰਜ਼ੀ

ਕੱਲ ਇੱਕ ਤਾਰਾ ਹੋਰ ਟੁੱਟ ਗਿਆ
ਕਿਉਂ ਜਲਦੀ ਹੀ ਖ਼ੁਦ ਤੋਂ ਰੁੱਸ ਗਿਆ

ਕਿੰਨਾ ਸਫ਼ਰ ਹਸੀਨ ਸੀ ਓਹਦਾ
ਪਰ ਕਿਉਂ ਰਸਤਾ ਪਹਿਲਾਂ ਮੁੱਕ ਗਿਆ

ਹਾਲ਼ੇ ਰੁੱਤ ਸੀ ਆਈ ਖਿਲਣ ਦੀ
ਨਾਜਾਣੇ ਕਿਉਂ ਟਾਹਣੀਓ ਟੁੱਟ ਗਿਆ

ਹੁਣ ਤਾਂ ਕੁਝ ਨਹੀਂ ਕਰ ਸਕਦਾ 'ਜੱਸ'
ਫਿਰ ਕਿਉਂ ਕਰਾ ਮੈਂ ਕੋਸ਼ਿਸ਼ ਫ਼ਰਜ਼ੀ

ਇਹ ਕਹਿ ਹੀ ਗੱਲ ਮੁਕਾਉਣਾ
ਖ਼ੈਰ ਜੋ ਹੋਇਆ ਰੱਬ ਦੀ ਮਰਜ਼ੀ
✪


www.punjabibookspdf.com

# ਘੱਟ ਤੇ ਨਹੀਂ ਨਾ

ਡੁੱਬਣਾ ਕਿਸੇ ਦੇ ਖ਼ਿਆਲਾ ਦੇ ਵਿਚ
ਮੌਤ ਦੇ ਨਾਲੋਂ ਘੱਟ ਤੇ ਨਹੀਂ ਨਾ

ਮੰਨਿਆ ਕੇ ਗਲਤੀ ਹੋ ਜਾਂਦੀ ਏ
ਫਿਰ ਤੂੰ ਵੀ ਸੱਜਣਾ ਰੱਬ ਤੇ ਨਹੀਂ ਨਾ

ਚੱਲ ਮੰਨਦਾ ਆ ਕੇ ਖੜੂਸ ਜਿਹਾ ਮੈਂ
ਤੇਰੇ ਗੁੱਸੇ ਦਾ ਵੀ ਕਿਧਰੇ ਹੱਲ ਤੇ ਨਹੀਂ ਨਾ

ਕਰ ਦੂਰ ਗਿਲੇ ਤੇ ਸ਼ਿਕਵੇ ਜੋ ਨੇ
ਕੋਈ ਪਰਦੇ ਵਾਲ਼ੀ ਗੱਲ ਤੇ ਨਹੀਂ ਨਾ

ਬੋਹਤਾ ਏ ਤਾਂ ਦੂਰ ਹੋ ਜਾਈਏ
ਦੂਰੀ ਸੱਜਣਾਂ ਹੱਲ ਤੇ ਨਹੀਂ ਨਾ

ਚੱਲ ਛੱਡ ਕਹਿ ਕੇ ਮੰਨ ਜਾਈਏ ਹਰ ਵਾਰੀ
ਪਰ ਹਰ ਵਾਰੀ ਇਹੋ ਹੱਲ ਤੇ ਨਹੀਂ ਨਾ
✪


www.punjabibookspdf.com

# ਘੁੱਟ-ਦੋ-ਘੁੱਟ ਤਾਂ ਪੀਅ ਲੈਣ ਦੇ

ਨਾ ਕਰ ਤੂੰ ਐਨਾ ਕਹਿਰ ਜਿੰਦੇ
ਮੈਨੂੰ ਏਸ ਕਾਇਨਾਤ ਚ' ਜੀਅ ਲੈਣ ਦੇ

ਦੇਖੀ ਟੁੱਟ ਨਾ ਜਾਈਏ ਕਦੇ ਆਪਾ,
ਮੈਨੂੰ ਇਸਕ ਦੀ ਚਾਦਰ ਸੀਅ ਲੈਣ ਦੇ

ਹੁਣ ਰੋਕੀ ਨਾ..!
ਬੜਾ ਸਬਰ ਕੀਤਾ ਤੈਨੂੰ ਮਿਲਣ ਲਈ
ਗਲ ਲੱਗਕੇ ਜ਼ਿੰਦਗੀ ਜੀਅ ਲੈਣ ਦੇ

ਮੱਥੇ ਤੇ ਆਉਂਦੀ ਲਟ ਨੂੰ ਪਾਸੇ ਰੱਖ ਕਰਕੇ
ਇਸ ਝੀਲ ਜਹੀ ਅੱਖ 'ਚੋਂ
ਘੁੱਟ-ਦੋ-ਘੁੱਟ ਤਾਂ ਪੀਅ ਲੈਣ ਦੇ
✪


www.punjabibookspdf.com

# ਚੰਗਾ ਨਈਂ ਤਾਂ ਮਾੜਾ ਹੀ ਸਹੀ

ਤੇਰਾ ਪਿਆਰ ਹੀ ਚਾਹੀਦਾ ਬਸ
ਸੱਚਾ ਨਈਂ ਤਾਂ ਲਾਰਾ ਹੀ ਸਹੀ

ਰਾਤੀ ਤੈਨੂੰ ਤੱਕਦਾ ਹੀ ਰਵਾ
ਚੰਦ ਨਈਂ ਤਾਂ ਤਾਰਾ ਹੀ ਸਹੀ

ਤੇਰੀ ਜ਼ਿੰਗਦੀ ਚੋ ਕੁੱਛ ਦੇਵੇਂ
ਜਿੱਤ ਨਈਂ ਤਾਂ ਹਾਰਾਂ ਹੀ ਸਹੀ

ਤੂੰ ਵੀ ਦਿਲ ਦੀ ਗੱਲ ਕੋਈ ਕਰਲਾ
ਹਾਂਮੀ ਨਈਂ ਤਾਂ ਹੁੰਗਾਰਾ ਹੀ ਸਹੀ

ਮੈਨੂੰ ਖ਼ੁਦ ਤੋਂ ਦੂਰ ਹੀ ਕਰਦੇ
ਕੰਧ ਨਈਂ ਤਾਂ ਬਾੜਾਂ ਹੀ ਸਹੀ

ਕਸਮੇਂ 'ਜੱਸ' ਕੁੱਝ ਮੂੰਹੋਂ ਫੁੱਟ ਲਾ
ਚੰਗਾ ਨਈਂ ਤਾਂ ਮਾੜਾ ਹੀ ਸਹੀ


www.punjabibookspdf.com

# ਚੁੱਪ ਵੀ ਸੋਹਣੀ ਲਗਦੀ ਏ

ਜਦੋਂ ਰੁੱਸ ਜਾਵੇ ਉਹਦੀ ਚੁੱਪ ਵੀ ਸੋਹਣੀ ਲੱਗਦੀ ਏ
ਬੋਲਣ ਤੇ ਓਹਦੇ ਰੂਹ ਨੂੰ ਕੰਬਣੀ ਆਉਂਦੀ ਏ

ਓਹਨੇ ਅੱਜ ਤਈਂ ਮੈਥੋ ਕੁੱਝ ਵੀ ਮੰਗਿਆ ਨਹੀਂ
ਦਿਲ ਵਿੱਚ ਓਹ ਏ ! ਇਹ ਤਾ ਉਹ ਚਾਹੁੰਦੀ ਏ

ਉਂਝ ਗੱਲ ਕੋਈ ਐਡੀ ਖਾਸ ਨਹੀਂ ਸਾਡੀ ਇਸ਼ਕੇ ਦੀ
ਗੱਲ ਏਧਰ ਓਧਰ ਕਰਕੇ ਬੁਝਾਰਤ ਪਾਉਂਦੀ ਏ

ਓਹ ਕਹੇ ਤਾ ਦੂਰ ਵੀ ਰਹਿ ਕੇ ਸਰਜੁਗਾ
'ਜੱਸ' ਕੌਣ ਕਹੇ ਦੂਰੀ ਨਜ਼ਦੀਕੀ ਵਧਾਉਂਦੀ ਏ

ਜੇ ਨਾਲ ਹੋਵੇ ਤਾ ਰਾਤ ਵੀ ਚੰਦਰੀ ਮੁੱਕੇ ਨਾ
ਵੈਸੇ ਵੀ ਜ਼ੁਲਫਾਂ ਵਿਚ ਤਾਂ ਓਹ ਉਲਝਾਉਂਦੀ ਏ

ਕੁਝ ਆਖ ਦਿਆ ਤਾ ਸੇਤੀ ਓਹ ਵੀ ਮੰਨੇ ਨਾ
ਗੁੱਸੇ ਵਿੱਚ ਚਾਹੇ ਮਹਿਲ ਇਸ਼ਕ਼ ਦਾ ਢੌਂਦੀ ਏ
✪


www.punjabibookspdf.com

# ਚੂਰ ਮੈਂ ਹੋਜਾਂ

ਟੁੱਟੇ ਤਾਰੇ ਵਾਂਗੂ ਟੁੱਟਕੇ ਦੂਰ ਮੈਂ ਹੋਜਾਂ
ਪੀੜਾਂ ਦੀ ਚੱਕੀ ਵਿਚ ਪਿਸਕੇ ਚੂਰ ਮੈਂ ਹੋਜਾਂ

ਸੁਣਿਆ ਜੰਨਤ ਵੱਸਦੀ ਤੇਰੇ ਕਦਮਾਂ ਹੇਠਾਂ
ਬਣਕੇ ਧੂੜ ਮੈਂ ਸੱਚੀ ਤੇਰੇ ਪੈਰ ਨੂੰ ਛੂਹਜਾਂ

ਕਲਮ ਤੇ ਆਮਦ ਰੱਬ ਦੀ ਜੇਕਰ ਹੋ ਜਾਵੇ
ਲਿਖਦਾ ਰਹੇ 'ਜੱਸ' ਗੁਮਨਾਮ ਤੋਂ ਕਦ ਮਸ਼ਹੂਰ ਮੈਂ ਹੋਜਾਂ

ਪੱਟ ਤੇ ਲਾ ਸਰ੍ਹਾਣਾ ਮੈਂਨੂੰ ਸੌਂ ਲੈਣ ਦੇ
ਖੌਰੇ ਕੇਹੜੇ ਪਲ ਮੈਂ ਨੀਂਦ ਸਦਾ ਦੀ ਸੌਂਜਾਂ

ਬੜਾ ਪਾਪੀ ਸੀ ਸ਼ਾਇਰ ਲੋਕੀਂ ਆਖਣਗੇ
ਮਰਣ ਤੋਂ ਪਹਿਲਾਂ ਪਿਆਰ ਤੇ ਲੱਗੇ ਦਾਗ਼ ਜੋ ਧੋ ਜਾਂ

ਕੀ ਚੀਜ਼ ਇਹ ਦੁਨੀਆਂ ਤੇ ਕੀ ਪਿਆਰ ਮੁਹੱਬਤ
ਇਸ਼ਕੇ ਖ਼ਾਤਰ ਸੱਜਣ ਕੋਲੋਂ ਦੂਰ ਮੈਂ ਹੋਜਾਂ
✪


www.punjabibookspdf.com

## ਚਾਹੁੰਦੀ ਏ

ਮੈਨੂੰ ਤੱਕ ਕੇ ਬਹੁਤੀਂ ਹੀ ਖੁਸ਼ ਹੁੰਦੀ ਉਹ
ਉਹ ਮੈਨੂੰ ਅੱਖਾਂ ਸਾਹਮੇ ਰੱਖਣਾ ਚਾਹੁੰਦੀ ਏ

ਉਹਨੂੰ ਲੱਗਦਾ ਖੌਰੇ ਕਿੱਧਰੇ ਭੱਜ ਜਾਉਂਗਾ
ਮੈਨੂੰ ਜ਼ੁਲਫਾਂ ਵਿੱਚ ਉਲਝਾ ਕੇ ਰੱਖਣਾ ਚਾਹੁੰਦੀ ਏ

ਵਹਿਮੀ ਆ ਕਹਿੰਦੀ ਨਜ਼ਰ ਨਾ ਲੱਗਜੇ ਪਿਆਰ ਮੇਰੇ ਨੂੰ
ਉਹ ਮੈਨੂੰ ਦਿਲ ਦੇ ਵਿੱਚ ਲੁਕਾ ਕੇ ਰੱਖਣਾ ਚਾਹੁੰਦੀ ਏ
✪


www.punjabibookspdf.com

# ਜਰੂਰੀ ਏ

ਸੁਣਿਆ ਕੋਈ ਗਿਲਾ ਛਿਕਵਾ ਨਹੀਂ ਤੈਨੂੰ ਮੇਰੇ ਨਾਲ
ਪਰ ਥੋੜਾ ਬੁਹਤਾ ਲੜਨਾ ਵੀ ਜਰੂਰੀ ਏ

ਉਂਝ ਗੱਲ ਜ਼ੁਬਾਨੀ ਹੋਈ ਚੇਹਰਾ ਤੱਕਿਆ ਨਹੀਂ
ਮੇਲ ਮਿਲਾਪ ਵੀ ਸੱਜਣਾ ਬੜਾ ਜਰੂਰੀ ਏ

ਮੈਨੂੰ ਸਮਝ ਨਹੀਂ ਐਨੀ ਕਿ ਮੈਂ ਕੀਮਤ ਲਾਵਾ
ਇਸ਼ਕ਼ ਨੀਲਾਮੀ ਹੋਣੀ ਬੜੀ ਜਰੂਰੀ ਏ
✪


www.punjabibookspdf.com

# ਜਿਸਮਾਂ ਦੀ ਦੂਰੀ

ਮੈਂ ਪਾਵਾਂ ਕੋਈ ਬਾਤ ਪਿਆਰ ਦੀ
ਮੇਰੇ ਰੁੱਸੇ ਹੋਏ ਯਾਰ ਦੀ

ਓਹਦੀ ਜਿੱਤ ਦੀ ਮੇਰੀ ਹਾਰ ਦੀ
ਓਹਦੀ ਖੁਸ਼ੀ ਲਈ ਮੈਂ ਗ਼ਮ ਸਹਾਰ ਦੀ

ਓਹ ਏਸ ਪਾਰ ਦਾ ਮੈਂ ਓਸ ਪਾਰ ਦੀ
ਮੈਂ ਪਾਵਾਂ ਕੋਈ ਬਾਤ ਪਿਆਰ ਦੀ

ਉਲਝੀਆਂ ਗੱਲਾਂ ਸੁਲਝਾਉਣ ਦੀ
ਚਾਹਤ ਓਹਨੂੰ ਗਲ ਲਾਉਣ ਦੀ

ਨਾ ਕੋਸ਼ਿਸ ਕਰਾ ਭੁਲਾਉਣ ਦੀ
ਓਹਨੂੰ ਰੁੱਸੇ ਨੂੰ ਮਨਾਉਣ ਦੀ

ਓਹ ਏਸ ਪਾਰ ਦਾ ਮੈਂ ਓਸ ਪਾਰ ਦੀ
ਮੈਂ ਪਾਵਾਂ ਕੋਈ ਬਾਤ ਪਿਆਰ ਦੀ

ਟੁੱਟੇ ਤਾਰਿਆਂ ਤੋਂ ਦੁਆ ਮੰਗਾਂ
ਮੈਂ ਮਾਰੀ ਵੇ ਓਹਦੇ ਪਿਆਰ ਦੀ


www.punjabibookspdf.com

ਮਿਲ ਆਵਾਂ ਓਹਨੂੰ ਅੱਜ ਹੀ
ਲੀਕ ਬਾਰਡਰਾਂ ਦੀ ਮਾਰਦੀ

ਰੋਸਾ ਤੇਰਾ ਐਨਾ ਦਰਦੀ ਵੇ
ਮੈਂ ਹਾਲ਼ੇ ਤੀਕ ਸਹਾਰ ਦੀ

ਸ਼ਾਇਦ ਓਹਨੂੰ ਵੀ ਸੁਣਦੀ ਹੋਊ
ਰੂਹ ਹੂਕ ਜੇਹੜੀ ਮਾਰਦੀ

ਓਹ ਏਸ ਪਾਰ ਦਾ ਮੈਂ ਓਸ ਪਾਰ ਦੀ
ਮੈਂ ਪਾਵਾਂ ਕੋਈ ਬਾਤ ਪਿਆਰ ਦੀ

ਯਾਦ ਓਹਦੀ ਪਲ ਪਲ ਦੀ
ਗੱਲ ਹੋਈ ਨਾ ਕਿਸੇ ਹੱਲ ਦੀ

ਓਹ ਵਾਸੀ ਪਿੰਡ ਭੈਣੀਂ ਦਾ
ਮੈਂ ਵਾਸੀ ਲਾਹੌਰ ਵੱਲ ਦੀ

ਓਹ ਹੱਥ ਜੋੜ ਕੇ ਜਵਾਬ ਦਏ
ਮੇਰੀ ਕੀਤੀ ਹੋਈ ਸਲਾਮ ਦੀ

ਓਹ ਏਸ ਪਾਰ ਦਾ ਮੈਂ ਓਸ ਪਾਰ ਦੀ
ਮੈਂ ਪਾਵਾਂ ਕੋਈ ਬਾਤ ਪਿਆਰ ਦੀ
✪


www.punjabibookspdf.com

# ਜੀ ਮੈਨੂੰ ਉਸ ਨਾਲ ਪਿਆਰ ਹੋਇਆ ਸੀ

ਜੀ ਮੈਨੂੰ ਉਸ ਨਾਲ ਪਿਆਰ ਹੋਇਆ ਸੀ
ਦਿਲ ਮੇਰਾ ਮੈਥੋਂ ਬਾਹਰ ਹੋਇਆ ਸੀ

ਸਭ ਫ਼ੋਨ ਤੇ ਸੀ ਜੋ ਵੀ ਗੱਲ ਹੋਈ ਸੀ
ਰੱਬ ਜਾਣੇ ਕਿਓਂ ਇਜ਼ਹਾਰ ਹੋਇਆ ਸੀ

ਓਹ ਮੇਰੇ ਤੋਂ ਕਿੰਝ ਦੂਰ ਹੋ ਗਈ
ਜੀ ਅਸੀਂ ਮਿਲੇ ਨਹੀਂ....

ਓਹਦੇ ਦਿਲ ਨੇ ਕਿਓਂ ਏਸ ਪੱਥਰ ਦਿਲ ਤੋਂ
ਝੂਠੀ ਆਸ ਜਗਾ ਹੀ ਲਈ ਸੀ

ਸ਼ਾਇਰਾ ਸੱਚੀ ਇਸ਼ਕ਼ ਨਾ ਕਰਦੇ
ਨਾ ਕਰਦੇ ਤਾਂ ਹੀ ਸਹੀ ਸੀ

ਇਸ਼ਕ਼ ਤੋਂ ਓਹਨੂੰ ਡਰ ਸੀ ਲੱਗਦਾ
ਗੱਲ ਓਹਨੇ ਇਹ ਮੈਨੂੰ ਪਹਿਲਾਂ ਕਹੀ ਸੀ

ਯਾਦ ਨਹੀਂ ਕੁਝ ਕਿਓਂ ਹੋਇਆ ਏ
ਸੱਚੀ ਓਦੋਂ ਮੈਨੂੰ ਹੋਸ਼ ਨਹੀਂ ਸੀ

ਦੂਰ ਹੀ ਸੀ ਤੇ ਦੂਰ ਹੀ ਰਹਿਗੇ
ਜੀ ਅਸੀਂ ਮਿਲੇ ਨਹੀਂ....

✪


www.punjabibookspdf.com

# ਜੇ ਓਹ ਮੇਰਾ ਹੋ ਹੀ ਗਿਆ ਏ

ਜੇ ਓਹ ਮੇਰਾ ਹੋ ਹੀ ਗਿਆ ਏ
ਮੇਰੇ ਨਾਲ ਖਲੋ ਵੀ ਜਾਵੇ

ਇਹ ਸਭ ਤਾਂ ਹੁਣ ਓਹਦੇ ਤੇ ਆ
ਓਹਦੀ ਮਰਜ਼ੀ ਜੋ ਜੀਅ ਚਾਹਵੇ

ਜੂਠਾ ਖਾਧਿਆ ਪਿਆਰ ਜੇਹਾ ਵਧਦਾ
ਪਿਆਰ ਵਧਾਵੇ ਜੇ ਓਹ ਚਾਹਵੇ

ਬਹੁਤਾ ਘੱਟ ਹੀ ਬੋਲਦਾ ਏ 'ਜੱਸ'
ਪੰਨਿਆ ਉੱਤੇ ਲਿਖਦਾ ਜਾਵੇ

ਸਾਰੀ ਦੁਨੀਆਂ ਜਿੱਥੇ ਛੱਡ ਗਈ
ਫਰਕ ਨੀ ਕੋਈ ਜੇ ਓਹ ਜਾਵੇ
✪


www.punjabibookspdf.com

# ਜਿਨ੍ਹਾਂ ਉਹਨੇ ਮੇਰਾ ਹਿੱਸਾ ਰੱਖਿਆ ਏ

ਹਾਂਜੀ ਨੀਂਦ ਹੀ ਖੋ ਬੈਠੇ ਨੇ ਰਾਤਾਂ ਦੀ
ਕਸਮੇਂ ਜੀਹਨੇ ਜੀਹਨੇ ਉਹਨੂੰ ਤੱਕਿਆ ਏ

ਸੱਚ ਦੱਸਾ ਤਾਂ ਉਲਝਣਾ ਸੋਹਣਾਂ ਲੱਗਦਾ ਏ
ਜਿਹੜਾ ਜਿਹੜਾ ਉਹਦੀਆਂ ਜ਼ੁਲਫ਼ਾ ਡੱਕਿਆ ਏ

ਪਹਿਲਾਂ ਤਾਂ ਮੈਂ ਕਸਮੇਂ ਥੋੜਾ ਕੱਚਾ ਹੀ ਸੀ
ਸਭ ਸਮਝਦਾ 'ਜੱਸ' ਜਦੋਂ ਦਾ ਪੱਕਿਆ ਏ

ਦਿਲ ਦੇ ਵਿੱਚ ਹੀ ਕਾਫ਼ੀ ਸਾਰੇ ਰਖ਼ਨੇ ਨੇ
ਨਜ਼ਾਣੇ ਕੀਹਨੂੰ ਕੀਹਨੂੰ ਅੰਦਰ ਡੱਕਿਆ ਏ

ਓਨਾ ਹਿੱਸਾ ਉਹਦਾ ਨਹੀਂ ਉਹਦੇ ਦਿਲ ਵਿਚ
ਜਿਨ੍ਹਾਂ ਉਹਨੇ ਮੇਰਾ ਹਿੱਸਾ ਰੱਖਿਆ ਏ
✪


www.punjabibookspdf.com

## ਝੂਠਾ ਲੱਗਦਾ

ਓਹਨੇ ਵੀ ਦਿਲ ਰਾਜ਼ੀ ਕਰ ਲਿਆ
ਮੈਨੂੰ ਇਹ ਕਾਰਾ ਝੂਠਾ ਲੱਗਦਾ

ਸੁੱਚਾ-ਸੁੱਚਾ ਖੁਦ ਨੂੰ ਕਹਿੰਦਾ
ਮੈਨੂੰ ਤੇ ਓਹ ਜੂਠਾ ਲੱਗਦਾ

ਦਵੇ ਸਹਾਰਾ ਹਰ ਵਾਰੀ ਹੀ
ਇਹ ਸਹਾਰਾ ਝੂਠਾ ਲੱਗਦਾ

ਦੀਨ ਅਮਾਨ ਦੀ ਗੱਲ ਕਰਦਾ ਏ
ਪਰ ਕੰਮਾਂ ਤੋਂ ਤੇ ਝੂਠਾ ਲੱਗਦਾ

ਓਹਦਾ ਗੁੱਸਾ ਬੇਲ ਦੇ ਵਾਂਗੂ
ਤੇ ਪਿਆਰ ਓਹਦਾ ਤਾਂ ਬੂਟਾ ਲੱਗਦਾ

ਜਿਹੜੇ ਰਾਹ ਓਹ ਲੈ ਕੇ ਤੁਰਿਆ
ਕਸਮੇਂ ਰਸਤਾ ਝੂਠਾ ਲੱਗਦਾ

✪


www.punjabibookspdf.com

# ਟੁਕੜਾ ਟੁੱਟੇ ਕੱਚ ਦਾ ਆ

ਕਈਆਂ ਦੇ ਬੜਾ ਚੁੱਭਦਾ ਮੈਂ
ਮੈਂ ਟੁਕੜਾ ਟੁੱਟੇ ਕੱਚ ਦਾ ਆ

ਤਸਵੀਰ ਮੇਰੀ ਉੱਝ ਬੋਲਦੀ ਨਾ
ਮੈਂ ਭੇਤੀ ਕੌੜੇ ਸੱਚ ਦਾ ਆ

ਕੀਦਾ ਕੀਦਾ ਦਿਲ ਰੱਖਿਆ ਸੀ
ਡਾਇਰੀ ਪੁਰਾਣੀ ਚੱਕ ਦਾ ਆ

ਹੋ ਕੇ ਲੱਖਾਂ ਦਾ ਵੀ ਕੱਖ ਦਾ ਆ
ਮੈਂ ਟੁਕੜਾ ਟੁੱਟੇ ਕੱਚ ਦਾ ਆ

ਲੱਖ ਵਾਰੀ ਕੋਸ਼ਿਸ਼ ਕੀਤੀ ਮੈਂ
ਮੈਥੋਂ ਮਾੜਾ ਕਿਸੇ ਦਾ ਨਹੀਂ ਹੋਇਆ

ਮੈਂ ਸਾਂਭ ਲਿਆ ਸੀ ਖੁਦ ਨੂੰ ਹੀ
ਭੱਠੀ ਇਸ਼ਕੇ ਦੀ ਵਿੱਚ ਮੱਚਦਾ ਆ
✪


www.punjabibookspdf.com

# ਟੁੱਟਿਆ ਤਾਰਾ

ਇਸ਼ਕ਼ ਦੇ ਅੰਬਰੋਂ ਤਾਰਾ ਟੁੱਟਿਆ
ਦਰਦਾਂ ਨੇ ਓਹਨੂੰ ਬੜਾ ਹੀ ਘੁੱਟਿਆ

ਜਿੱਥੇ ਸਭ ਕੁਝ ਘਟਦਾ ਜਾਂਦਾ
ਅਰਸਾਂ ਨੇ ਐਸੀ ਥਾਂ ਸੁੱਟਿਆ

ਨਾ ਹੀ ਤਾਰਾ ਮੁੜਕੇ ਚਮਕੇ
ਸਾਰੀ ਉਮਰ ਲਈ ਚਮਕੋ ਖੁੱਸਿਆ

ਨਾ ਕੋਈ ਤੱਕੇ ਨਾ ਹਾਲ ਹੀ ਪੁੱਛੇ
ਰੱਬ ਜਾਣੇ ਕਿਓਂ ਐਨਾ ਟੁੱਟਿਆ

ਗ਼ਮਾਂ ਨਾਲ ਹੀ ਯਾਰੀ ਪੈ ਗਈ
'ਜੱਸ' ਖ਼ੁਸ਼ੀਆਂ ਕੋਲ਼ੋਂ ਐਸਾ ਰੁਠਿਆ
✪


www.punjabibookspdf.com

# ਟੁੱਟੇ ਪੱਤੇ

ਟੁੱਟੇ ਪੱਤੇ ਟਾਹਣੀ ਦੇ ਨਾਲ ਜੁੜਦੇ ਨਹੀਂ ਹੁੰਦੇ
ਛੱਡ ਕੇ ਤੁਰਗੇ ਹਾਣੀ ਸੱਜਣਾਂ ਮੁੜਦੇ ਨਹੀਂ ਹੁੰਦੇ

ਜ਼ਖ਼ਮ ਨੇ ਦਿਲ ਤੇ ਵੱਡੇ ਤੇ ਦੁੱਖ ਭਾਰੇ ਜ਼ਿੰਦਗੀ ਦੇ
ਆਸ਼ਕਾ ਦੀ ਅੱਖ ਵਿੱਚੋਂ ਅੱਥਰੂ ਥੁੜ੍ਹਦੇ ਨਹੀਂ ਹੁੰਦੇ

ਮੁੜਦੇ ਨਹੀਂ ਹੁੰਦੇ ਲੰਘੇ ਪਾਣੀ ਨਹਿਰਾਂ ਦੇ
ਬਿਨਾਂ ਗੱਲ ਤੋਂ ਗਲਾਂ ਨੂੰ ਰੱਛੇ ਚੁੰਮਦੇ ਨਹੀਂ ਹੁੰਦੇ

ਚੁੰਮਦੀ ਏ ਮਾਂ ਮੱਥਾ ਜਦ ਪੁੱਤ ਚੱਲਿਆ ਬਾਹਰ ਨੂੰ
ਬਾਹਰ ਗਏ ਪੁੱਤ ਮਾਵਾਂ ਦੇ ਛੇਤੀ ਮੁੜਦੇ ਨਹੀਂ ਹੁੰਦੇ

ਮਾਂ ਦੀ ਬੁੱਕਲ ਜਿੰਨਾ ਨਿੱਘ ਨਾ ਲੱਭਿਆ ਦੁਨੀਆਂ ਤੇ
ਪੁੱਤ ਬੁੱਕਲ ਦਾ ਨਿੱਘ ਕਦਾਈਂ ਭੁੱਲਦੇ ਨਹੀਂ ਹੁੰਦੇ

ਜਿੰਨ੍ਹਾਂ ਰਾਹਾਂ ਉੱਤੇ ਮੌਸਮ ਚਲਦਾ ਪਤਝੜ ਦਾ
ਓਹ ਰਾਹਾਂ ਦੇ ਰੁੱਖ ਕਦਾਈਂ ਭਰਦੇ ਨਹੀਂ ਹੁੰਦੇ
✪


www.punjabibookspdf.com

# ਟੋਹਲਿਆ ਇੱਕ ਫਰਿਸ਼ਤਾ ਕੱਲ੍ਹ ਮੈਂ ਅੰਬਰਾਂ 'ਚੋਂ

ਟੋਹਲਿਆ ਇੱਕ ਫਰਿਸ਼ਤਾ ਕੱਲ੍ਹ ਮੈਂ ਅੰਬਰਾਂ 'ਚੋਂ
ਸਰਤ ਲਾਈ ਓਹਦੇ ਨਾਲ ਯਾਰੀ ਰੱਖਣ ਦੀ

ਪਤਾ ਤੈਨੂੰ ਮੈਂ ਥੋੜ੍ਹਾ ਬਹੁਤ ਸਲੂਕੀ ਆ
ਕਦੇ ਕੋਸ਼ਿਸ਼ ਤੱਕ ਨੀ ਕੀਤੀ ਤੇਰੇ ਵੱਲ ਤੱਕਣ ਦੀ

ਦੁਨੀਆਂ ਤੋਂ ਵਾਕਿਫ਼ ਕੁੱਝ ਆਪਣਿਆ ਤੋਂ ਅੰਜ਼ਾਨ ਆ ਮੈਂ
ਬਸ ਜਰੂਰਤ ਜਹੀ ਨਹੀਂ ਸਮਝੀ ਸਭ ਨੂੰ ਦੱਸਣ ਦੀ

ਸ਼ਾਇਰੀ ਬਾਕਮਾਲ ਏ ਤੇਰੀ 'ਜੱਸ' ਸ਼ਾਇਰਾ
ਇਹੋ ਮਧਾ-ਸਰਾਈ ਮਿਲੇ ਦਿਲ ਰੱਖਣ ਲਈ

ਤੇਰੇ ਨਾ ਉਂਝ ਦੁੱਖ ਸੁੱਖ ਸਾਂਝੇ ਕਰ ਲੈਨਾ
ਬਸ ਹਿੰਮਤ ਜਹੀ ਨੀ ਪੈਂਦੀ ਦਿਲ ਦੀ ਦੱਸਣ ਦੀ
✪


www.punjabibookspdf.com

# ਤੂੰ ਵੀ ਜੇਰਾ ਤਕੜਾ ਕਰਲਾ

ਤੂੰ ਵੀ ਜੇਰਾ ਤਕੜਾ ਕਰਲਾ
ਚੁੱਪ ਨਾ ਰਹਿ ਮੇਰੇ ਨਾਲ ਲੜਲਾ

ਕੰਧ ਇਸ਼ਕ਼ ਦੀ ਟੁੱਟ ਕੇ ਚੂਰ ਜੇ ਹੋ ਗਈ
ਟੋਟਾ ਟੋਟਾ ਇਕੱਠਾ ਕਰਲਾ

ਰੋ ਰੋ ਕੇ ਅੱਖੀਂ ਲਾਲੀ ਆ ਗਈ
ਹੰਝੂਆਂ ਨਾਲ ਜੇ ਗੱਲ ਨਹੀਂ ਬਣਦੀ
ਚਾਬੀ ਮੈਖ਼ਾਨੇ ਦੀ ਫੜ੍ਹਲਾ

ਖਾਮੋਸੀ ਚੰਗੀ ਨਹੀਂ ਜੇ ਲੱਗਦੀ
ਰੌਲਾ ਪਾ ਮਨ ਹਲਕਾ ਕਰਲਾ

ਇਕ ਜੇ ਸੁੱਟ ਕੇ ਨੱਠ ਗਿਆ ਏ
ਦਿਲ ਨੂੰ ਹੋਰ ਦੇ ਹੱਥੀ ਧਰਲਾ

ਹੋਰ ਕਿਸੇ ਨੂੰ ਨਹੀਂ ਦੱਸਣੀ ਜੇ 'ਜੱਸ'
ਗੱਲ ਸ਼ੀਸ਼ੇ ਮੂਹਰੇ ਬਹਿਕੇ ਕੇ ਕਰਲਾ
✪


www.punjabibookspdf.com

# ਤੇਰੇ ਸ਼ਹਿਰੋਂ

ਮੈਂ ਚੱਲਿਆ ਤੇਰੇ ਸ਼ਹਿਰ ਤੋਂ ਪੀਅ
ਪਾਣੀ ਪਿਆਰ ਦੀ ਨਹਿਰ 'ਚੋਂ

ਕਰ ਕੇ ਜੇਰਾ ਮੈਂ ਚੱਲਿਆ ਥੋੜ੍ਹਾ
ਦੁਖੀ ਆ ਪਿਛਲੇ ਪਹਿਰ ਤੋਂ

ਫੁੱਲ ਤੇਰਾ ਅੱਜ ਮੈਂ ਚੁੰਮਿਆਂ
ਓਹ ਵੀ ਥੋੜ੍ਹਾ ਮਹਿਕਿਆ
ਇਸ਼ਕ਼ ਖਿਲੇ ਓਹਦੀ ਮਹਿਕ 'ਚੋਂ

ਦੂਰ ਚੱਲਿਆ ਕੁਝ ਦਿਨਾਂ ਲਈ
ਥੋੜ੍ਹੀ ਮੁੜ ਆਉਣ ਦੀ ਆਸ ਆ
ਏਸ ਝੂਠੇ ਇਸ਼ਕ਼ ਦੇ ਸ਼ਹਿਰ 'ਚੋਂ

ਚੱਕ ਕੇ ਅਟੈਚੀ ਮੈਂ ਚੱਲਿਆ
ਚੱਲਿਆ ਮੈਂ ਦਿਲ ਦੇ ਮਹਿਲ 'ਚੋਂ

ਮੁੜ ਆਉਣਾ ਮੈਨੂੰ ਰੋਕੀ ਨਾ
ਮੈਂ ਚੱਲਿਆਂ ਤੇਰੇ ਸ਼ਹਿਰ 'ਚੋਂ
✪


www.punjabibookspdf.com

# ਥੋੜ੍ਹਾ ਥੋੜ੍ਹਾ ਡੁੱਲ੍ਹੀ ਜਾਨਾ

ਗ਼ਮਾਂ ਨਾਲ ਮੈਂ ਭਰਿਆ ਐਨਾ
ਥੋੜ੍ਹਾ ਥੋੜ੍ਹਾ ਡੁੱਲ੍ਹੀ ਜਾਨਾ

ਕੌਣ ਮੇਰੇ ਲਈ ਕਦੋਂ ਤੇ ਕੀ ਸੀ
ਸੱਚੀ ਮੈਂ ਇਹ ਭੁੱਲੀ ਜਾਨਾ

ਡਾਇਰੀ ਵਿੱਚ ਨਾ ਪੰਨਾ ਬਾਕੀ
ਦੁੱਖ ਸੁੱਖ ਸਾਰੇ ਤੁੰਨੀ ਜਾਨਾ

ਜੇਹਨ ਮੇਰਾ ਏ ਤਪਦੀ ਭੱਠੀ
ਖ਼ਿਆਲ ਤੇਰੇ ਹੀ ਭੁੰਨੀ ਜਾਨਾ

ਪ੍ਰਾਂਤ ਭਰਕੇ ਤੇਰੇ ਪੈਰ ਦੀ ਮਿੱਟੀ
ਕੁੱਜਾ ਭਰਕੇ ਅਸ਼ਕਾਂ ਦਾ ਮੈਂ
ਆਟੇ ਵਾਂਗੂੰ ਗੁੰਨ੍ਹੀ ਜਾਨਾ

ਫਿਤਰਤ ਹੀ ਕੁੱਛ ਐਸੀ ਸ਼ਾਇਰਾ
ਹਰ ਇੱਕ ਦੇ ਨਾਲ ਖੁੱਲ੍ਹੀ ਜਾਨਾ

ਦੁਨੀਆ ਤੇ ਕੋਈ ਸਕਾ ਨਾ ਤੇਰਾ
'ਜੱਸ' ਤੂੰ ਕਾਹਤੋ ਭੁੱਲੀ ਜਾਨਾ

✪


www.punjabibookspdf.com

# ਦਰਦਾਂ ਨਾਲ਼ ਭਰੀ ਇਹ ਜ਼ਿੰਦਗੀ

ਹਾਸਿਆਂ ਦੇ ਨਕਲੀ ਸ਼ਹਿਰ ਵਿਚ
ਦਰਦ ਸਹਿ ਕੇ ਵੀ ਜੀਅ ਰਿਹਾ

ਇਸ਼ਕੇ ਦੇ ਮਿੱਠੇ ਜਾਮ ਦੀ ਥਾਂ
ਦੁੱਖਾਂ ਦੇ ਹੰਝੂ ਪੀਆ ਰਿਹਾ

ਫੱਟ ਡੂੰਘੇ ਸੀ ਦਿਲ ਤੇ ਵੱਜੇ
ਕੁਝ ਸੀਅ ਲੈਏ ਕੁਝ ਸੀਅ ਰਿਹਾ

ਹਾਲ਼ੇ ਤੱਕ ਨਹੀਂ ਸਿਖਿਆ ਜ਼ਿੰਦਗੀ ਤੋਂ
'ਜੱਸ' ਤੂੰ ਝੱਲੇ ਦਾ ਝੱਲਾ ਹੀ ਰਿਹਾ

ਦਰਦਾਂ ਨਾਲ਼ ਭਰੀ ਇਹ ਜ਼ਿੰਦਗੀ
ਦੁੱਖਾਂ ਦਾ ਪੱਲਾ ਸੀਅ ਰਿਹਾ
✪


www.punjabibookspdf.com

# ਦਿਲ ਦਾ ਹਾਲ

ਇਸ਼ਕ ਦੇ ਵਿਚ ਵੀ ਰੋਂਦਾ ਏ ਕੋਈ
ਇਹਨਾਂ ਹੰਝੂਆਂ ਦੇ ਨਾਲ ਪੁੱਛਿਆ

ਮੈਂ ਖੁਦ ਨੂੰ ਇਕ ਸਵਾਲ ਪੁੱਛਿਆ
ਦਿਲ ਨੂੰ ਦਿਲ ਦਾ ਹਾਲ ਪੁੱਛਿਆ

ਸਿੱਧੇ ਨਹੀਂ ਰਾਹ ਪਿਆਰਾ ਵਾਲੇ
ਫਿਰ ਮੰਨਦਾ ਨਹੀਂ ਜੋ ਕੇਰਾ ਰੁੱਸਿਆ

ਮੈਂ ਖੁਦ ਨੂੰ ਇਕ ਸਵਾਲ ਪੁੱਛਿਆ
ਦਿਲ ਨੂੰ ਦਿਲ ਦਾ ਹਾਲ ਪੁੱਛਿਆ

ਹਵਸ ਦੇ ਭੁੱਖ ਦਾ ਨਾਮ ਪਿਆਰ ਏ ਅੱਜ ਕੱਲ੍ਹ
ਹਾਲੇ ਰੂਹਾਂ ਵਾਲਾ ਪਿਆਰ ਏ ਮੁੱਕਿਆ

ਮੈਂ ਖੁਦ ਨੂੰ ਇਕ ਸਵਾਲ ਪੁੱਛਿਆ
ਦਿਲ ਨੂੰ ਦਿਲ ਦਾ ਹਾਲ ਪੁੱਛਿਆ

ਛੱਡ ਗਿਆ ਇਕ ਵਾਰੀ ਜੋ 'ਜੱਸ'
ਨਾ ਮੁੜ੍ਹ ਓਹਨੇ ਤੇਰਾ ਹਾਲ ਪੁੱਛਿਆ

ਮੈਂ ਖੁਦ ਨੂੰ ਇਕ ਸਵਾਲ ਪੁੱਛਿਆ
ਦਿਲ ਨੂੰ ਦਿਲ ਦਾ ਹਾਲ ਪੁੱਛਿਆ

✪



www.punjabibookspdf.com

# ਦਿਲ ਦਾ ਮੁਸਾਫ਼ਿਰ

ਮੈਂ ਰਾਹਗੀਰ ਤੇਰੇ ਸ਼ਹਿਰ ਦਾ
ਤੇਰੇ ਦਿਲ ਦਾ ਮੁਸਾਫ਼ਿਰ ਬਣ ਗਿਆ

ਮੇਰਾ ਪਿਆਰ ਧੋਖੇ ਦੀ ਛਾਨਣੀ 'ਚੋਂ
ਵਾਂਗ ਪਾਣੀ ਦੇ ਛਣ ਗਿਆ

ਮੈਂ ਉਲਝਿਆ ਵਿਚ ਜ਼ੁਲਫਾਂ ਦੇ
ਜ਼ੁਲਫਾਂ ਦੀ ਛਾਂਵੇਂ ਠਰ ਗਿਆ

ਤੇਰਾ ਚਿਹਰਾ ਰੌਸ਼ਨ ਚੰਨ ਵਾਂਗ
ਜ਼ਿੰਦਗੀ ਚ ਚਾਨਣ ਕਰ ਗਿਆ

ਕੋਇਲਾਂ ਦਾ ਟੁਰਿਆ ਪੂਰ ਕੋਈ
ਜਦੋਂ ਬੱਦਲਾਂ ਦੇ ਘਰ ਗਿਆ

ਅੰਬਰ ਵੀ ਪੂਰਾ ਚਹਿਕਿਆ
ਓਹਲੇ ਬੱਦਲਾਂ ਨੂੰ ਕਰ ਗਿਆ

ਜਦੋਂ ਬਾਗ਼ ਚਰਾਂਦਾ ਵਿਚ ਕੋਈ
ਫੁੱਲ ਇਸ਼ਕੇ ਦੇ ਚਰ ਗਿਆ


www.punjabibookspdf.com

ਰਾਹਗੀਰ ਤੇਰੇ ਸ਼ਹਿਰ ਦਾ
'ਜੱਸ' ਟੁੱਟਾ ਦਿਲ ਲੈ ਘਰ ਗਿਆ

ਇਸ਼ਕੇ ਦਾ ਅੱਕ ਜਦ ਮੁੱਕਿਆ
ਪਿਆਰ ਦਿਲਾਂ 'ਚੋਂ ਮਰ ਗਿਆ
✪


www.punjabibookspdf.com

# ਦਿਲ ਦੀ ਡਾਇਰੀ

ਮੈਂ ਦਿਲ ਦੀ ਡਾਇਰੀ ਖੋਲ੍ਹ ਬੈਠਾ
ਵਿੱਚ ਨਾਮ ਤੇਰਾ ਹਰ ਪੰਨੇ ਤੇ

ਇੱਕ ਪੰਨੇ ਤੇ ਮੈਂ ਲਿਖਿਆ ਸੀ
ਕਿੱਦਾਂ ਸੀ ਮੁਲਾਕਾਤ ਹੋਈ

ਇੱਕ ਪੰਨੇ ਤੇ ਮੈਂ ਲਿਖਿਆ ਸੀ
ਪਹਿਲਾ ਪਹਿਲਾ ਰੋਸਾ ਤੇਰਾ

ਕਿੰਨਾ ਸੀ ਮੈਂ ਖੁਸ਼ ਹੋਇਆ
ਖੁਸ਼ ਹੋਇਆ ਤੇਰੇ ਮੰਨੇ ਤੇ

ਮੈਂ ਦਿਲ ਦੀ ਡਾਇਰੀ ਖੋਲ੍ਹ ਬੈਠਾ
ਵਿੱਚ ਨਾਮ ਤੇਰਾ ਹਰ ਪੰਨੇ ਤੇ

ਹਰ ਗੱਲ ਢੁੱਕਦੀ ਸੀ ਤੇਰੇ ਤੇ
ਸੀ ਜ਼ਿਕਰ ਤੇਰਾ ਹਰ ਗੱਲ ਦੇ ਵਿੱਚ

ਕਿਤੇ ਘੱਟ ਸੀ ਤੇ ਕਿਤੇ ਵੱਧ ਸੀ
ਜਿਵੇਂ ਪਾਣੀ ਹਰ ਇੱਕ ਛੱਲ ਦੇ ਵਿੱਚ


www.punjabibookspdf.com

ਸੀ ਓਹਦੇ ਵਿੱਚ ਕੋਈ ਖਾਸ ਮੇਰਾ
ਸੀ ਖਾਸ ਬੀਤੇ ਮੇਰੇ ਕੱਲ੍ਹ ਦੇ ਵਿੱਚ

ਬੜੀ ਕੋਸ਼ਿਸ਼ ਕੀਤੀ ਭੁੱਲਣ ਦੀ
ਗਠੜੀ ਖੁੱਲ੍ਹੀ ਬਹੁਤਾ ਬੰਨ੍ਹੇ ਤੇ

ਮੈਂ ਦਿਲ ਦੀ ਡਾਇਰੀ ਖੋਲ੍ਹ ਬੈਠਾ
ਵਿੱਚ ਨਾਮ ਤੇਰਾ ਹਰ ਪੰਨੇ ਤੇ
✪


www.punjabibookspdf.com

# ਦਿਲਗੀਰ ਮੁਹੱਬਤ

ਬਚਣਾ ਚੌਹਣਾ ਮੈਂ ਦਿਲਗੀਰ ਮੁਹੱਬਤ ਤੋਂ
ਚਾਹਾ ਤਾਂ ਮੈਂ ਇਹਵੀ ਦਿਲ ਤੋਂ ਕਰ ਸਕਦਾ

ਰੋਣਾਂ ਤਾਂ ਉਂਝ ਲੱਗਦਾ ਮੈਨੂੰ ਝੂਠ ਜਿਹਾ
ਜੇ ਤੂੰ ਚਾਹਵੇ ਤੇਰੇ ਲਈ ਅੱਖਾ ਭਰ ਸਕਦਾ

ਹੀਰ ਰਾਂਝੇ ਤਾਂ ਬਹੁਤੇ ਬਣਦੇ ਫਿਰਦੇ ਨੇ
ਪਰ ਕੋਈ ਸੋਹਣੀ ਵਾਂਗ ਨਾ ਕੱਚੇ ਤੇ ਤਰ ਸਕਦਾ

ਹਾਲਾਤ ਬੁਰੇ ਨੇ ਅੱਜ ਕੱਲ੍ਹ ਸ਼ਾਇਰਾ ਆਸ਼ਿਕਾ ਦੇ
'ਜੱਸ' ਸੱਚਾ ਆਸ਼ਿਕ ਤਾਂ ਫਿਰ ਕੋਈ ਹੀ ਬਣ ਸਕਦਾ

ਰੂਹ ਦੇ ਹਾਣੀ ਅੱਜ ਕੱਲ੍ਹ ਔਖੇ ਲੱਭ ਦੇ ਨੇ
ਹੈ ਜੇਰਾ ਕੋਈ ਜੇਹੜਾ ਦਿਲ ਤੋ ਕਰ ਸਕਦਾ

ਹੋਰ ਨਾਲ ਜੇ ਤੁਰਜੇ ਹਾਣੀ ਉਮਰਾਂ ਦਾ
ਇਹਤੋਂ ਵੱਡਾ ਦੁਖੜਾ ਕੇਹੜਾ ਜਰ ਸਕਦਾ
✪


www.punjabibookspdf.com

# ਦੁੱਖਾਂ ਦੀਆਂ ਪੰਡਾਂ

ਦੁੱਖੀ ਬੜਾ ਸੀ ਦਿਲ ਤੋਂ ਮੈਂ
ਦੁੱਖਾਂ ਦੀਆਂ ਪੰਡਾਂ ਢੋਂਹੰਦਾ ਰਿਹਾ

ਮੇਰੇ ਹੰਝੂ ਕਿਸੇ ਨੂੰ ਦਿਖੇ ਨਹੀਂ
ਮੈਂ ਕੱਲਾ ਬਹਿ ਕੇ ਰੋਂਦਾ ਰਿਹਾ

ਦੱਸ ਨਹੀਂ ਹੋਇਆ ਦਰਦ ਕਿਸੇ ਨੂੰ
ਮੈਂ ਅੰਦਰੋਂ ਅੰਦਰ ਘੁਲਦਾ ਰਿਹਾ

ਸਮਝ ਨਹੀਂ ਸੀ ਕੀ ਹੋਇਆ ਏ
ਕੀਮਤ ਪਈ ਨਾਂ ਜਿੱਥੇ ਮੇਰੀ
'ਜੱਸ' ਓਸ ਮੰਡੀ ਵਿੱਚ ਰੁਲਦਾ ਰਿਹਾ

ਜੱਗ ਵੀ ਸੁੰਨਾ ਸੁੰਨਾ ਲੱਗੇ
ਦੁੱਖਾਂ ਦੇ ਵਿਚ ਰਹਿ ਕੇ ਮੈਂ
ਖਾਬ ਖੁਸ਼ੀਆਂ ਦੇ ਬੋਂਦਾ ਰਿਹਾ

ਸੱਚ ਜਾਣੇ ਐਨੀ ਨਫ਼ਰਤ ਸੀ ਓਹਨੂੰ
ਮੇਰੇ ਨਾਲ ਮੈਂ ਜੀਹਨੂੰ ਦਿਲ ਤੋ ਚਾਹੁੰਦਾ ਰਿਹਾ
✪


www.punjabibookspdf.com

# ਦੁੱਖਾਂ ਦੇ ਹੰਝੂ

ਅਸੀਂ ਕਿੰਨੇ ਹੀ ਗ਼ਮ ਸਹਾਰੇ ਨੇ
ਸਾਡੇ ਹੰਝੂ ਦੁੱਖਾਂ ਦੇ ਭਾਰੇ ਨੇ

ਕਈ ਇਸ਼ਕ਼ ਦੇ ਵਿਚ ਜਾ ਪਾਰ ਲੱਗੇ
ਕਈ ਕਿਸਮਤ ਦੇ ਹੀ ਮਾਰੇ ਨੇ

ਕਈ ਘਰ ਦਿਆ ਤੋਂ ਜਾ ਦੂਰ ਬੈਠੇ
ਕਈ ਏਥੇ ਮਜਬੂਰੀਆਂ ਮਾਰੇ ਨੇ

ਕਈ ਆਮ ਹੀ ਨੇ ਕਈ ਮਸ਼ਹੂਰ ਹੋ ਗਏ
ਕਈਆਂ ਨੇ ਆਪਣੇ ਹੀ ਸੁਪਨੇ ਮਾਰੇ ਨੇ

ਕਈ ਬਿਨਾਂ ਭੱਜੇ ਦੌੜ ਨੂੰ ਜਿੱਤ ਗਏ
ਕਈ ਭੱਜ ਕੇ ਵੀ ਦੌੜ ਏਹ ਹਾਰੇ ਨੇ

ਸਮਾਂ ਆਉਂਦਾ ਸਭ ਦਾ ਇਕ ਵਾਰੀ
ਰੰਗ ਕੁਦਰਤ ਦੇ ਨਿਆਰੇ ਨੇ

ਅਸੀ ਕਿੰਨੇ ਹੀ ਗ਼ਮ ਸਹਾਰੇ ਨੇ
ਸਾਡੇ ਹੰਝੂ ਦੁੱਖਾਂ ਦੇ ਭਾਰੇ ਨੇ

✪


www.punjabibookspdf.com

# ਦੁਨੀਆਂ ਤੇ ਦਿਲਦਾਰ ਬੜੇ ਨੇ

ਦੁਨੀਆਂ ਤੇ ਦਿਲਦਾਰ ਬੜੇ ਨੇ
ਖੁੱਲ੍ਹੇ ਬੂਹੇ ਵੀ ਮੈਂ ਭਿੜਦੇ ਦੇਖੇ

ਬੂਟਾ ਪਾਣੀਓ ਹਰਾ ਨਹੀਂ ਹੁੰਦਾਂ
ਫੁੱਲ ਚਿੱਕੜ ਦੇ ਵਿੱਚ ਖਿਲਦੇ ਦੇਖੇ

ਤੂੰ ਆਪਣੇ ਪਿਆਰ ਤੇ ਰੱਖ ਭਰੋਸਾ
ਨਫਰਤ ਕਰਨ ਵਾਲੇ ਵੀ ਮਿਲਦੇ ਦੇਖੇ

ਪੈਸੇ ਪਿੱਛੇ ਸ਼ੌਹਰਤ ਪਿੱਛੇ ਕਾਹਨੂੰ ਭੱਜਿਆ ਫਿਰਨਾਂ
ਸਹੀ ਵਕ਼ਤ ਤੇ ਮਿਲ ਹੀ ਜਾਣਾ ਜਿਹੜਾ ਤੇਰੇ ਲੇਖੇ

ਮੈਂ ਕੀ ਲੈਣਾਂ ਦੱਸ ਖਾਂ ਬਹੁਤੇ ਚੁਸਤ ਚਲਾਕਾਂ ਤੋਂ
'ਜੱਸ' ਸ਼ਾਇਰਾ ਇਹਨਾਂ ਨੂੰ ਆਪੇ ਰੱਬ ਦੇਖੇ
✪


www.punjabibookspdf.com

# ਦੂਰੀ ਮਜ਼ਬੂਰੀ

ਸੱਜਣ ਬੈਠੇ ਦੂਰ ਦੁਰਾਡੇ
ਦੂਰੀ ਤਾਂ ਮਜ਼ਬੂਰੀ ਹੁੰਦੀ ਏ

ਦੁੱਖ ਸਹਿਣ ਤਾਂ ਕਰ ਲਈ ਦੇ
ਬਸ ਖੁਸ਼ੀ ਥੋੜ੍ਹੀ ਜਹੀ ਅਧੂਰੀ ਹੁੰਦੀ ਏ

ਭੇਜੇ ਖੱਤ ਤੂੰ ਪੜ੍ਹਿਆ ਕਰ ਤਾਂ
ਭਲਾ ਤੇਰੀ ਕੀ ਮਜ਼ਬੂਰੀ ਹੁੰਦੀ ਏ

ਹੱਸ ਕੇ ਗੱਲਾਂ ਕਰ ਲਿਆ ਕਰ ਤੂੰ
ਮੁਸਕਾਨ ਵੀ ਬੜੀ ਜਰੂਰੀ ਹੁੰਦੀ ਏ

ਹੱਥ ਛੱਡ ਦਵੇ ਜਦੋ ਭਰੇ ਬਜ਼ਾਰ ਵਿਚ
ਕਸਮੇਂ ਧੜਕਣ ਤਾਂ ਦੂਣੀ ਹੁੰਦੀ ਏ

ਲੱਖਾਂ ਨੇ ਸਵਾਲ ਤੇਰੇ ਤੋਂ
ਸਭ ਦਾ ਜ਼ਿਕਰ ਤੂੰ ਕਰਦਾ ਨਹੀਂ 'ਜੱਸ'
ਦੱਸ ਐਨੀ ਕੀ ਮਗਰੂਰੀ ਹੁੰਦੀ ਏ

ਸੱਜਣ ਬੈਠੇ ਦੂਰ ਦੁਰਾਡੇ
ਦੂਰੀ ਤਾਂ ਮਜ਼ਬੂਰੀ ਹੁੰਦੀ ਏ
✪


www.punjabibookspdf.com

# ਦੇਖਿਆ ਨਹੀਂ ਜਾਂਦਾ

ਦੇਖ ਕੇ ਮੈਂਨੂੰ ਸੱਚੀ ਰੋਣਾ ਆ ਜਾਂਦਾ
ਮੈਥੋਂ ਜਗ ਦਾ ਹਾਲ ਜਿਹਾ ਦੇਖਿਆ ਨਹੀਂ ਜਾਂਦਾ

ਕਿੰਨੇ ਸੁੱਟੇ ਪਏ ਰੁੱਖ ਵੱਢਕੇ ਇਸ਼ਕੇ ਦੇ
ਏਹ ਵਾਲਣ ਦੀ ਮੱਚਦੀ ਅੱਗ ਨੂੰ ਸੇਕਿਆ ਨਹੀਂ ਜਾਂਦਾ

ਜ਼ਾਲਮ ਦੁਨੀਆ ਕਰਦੀ ਬੜੇ ਜ਼ੁਲਮ ਕੁਦਰਤ ਤੇ
ਦੁਨੀਆਂ ਤੋਂ ਕੁਦਰਤ ਦਾ ਕਹਿਰ ਜਿਹਾ ਦੇਖਿਆ ਨਹੀਂ ਜਾਂਦਾ

ਬੁੱਕਲ ਵਿਚ ਲੈ ਹੀਰ ਨੂੰ ਰਾਂਝਾ ਚੰਨ ਆਖੇ
ਪਰ ਚੰਨ ਨੂੰ ਬੁੱਕਲ ਵਿਚ ਸਮੇਟਿਆ ਨਹੀਂ ਜਾਂਦਾ

ਇਸ਼ਕ਼ ਤਾਂ ਸ਼ਾਇਰਾ ਰੱਬ ਦੀ ਆਮਦ ਹੁੰਦੀ ਏ
'ਜੱਸ' ਪਿਆਰ ਕੋਈ ਮੰਡੀਆਂ ਦੇ ਵਿਚ ਵੇਚਿਆ ਨਹੀਂ ਜਾਂਦਾ
✪


www.punjabibookspdf.com

# ਨਵੇਂ-ਨਵੇਂ ਆਏ ਇਸ਼ਕ ਦੇ ਸ਼ਹਿਰ 'ਚ

ਨਵੇਂ-ਨਵੇਂ ਆਏ ਇਸ਼ਕ ਦੇ ਸ਼ਹਿਰ 'ਚ
ਸੱਜਣਾ ਦੇ ਲਈ ਸਜਣਾ ਸੋਹਣਾ ਲੱਗਦਾ ਏ

ਸ਼ਾਇਰਾ ਸੁਣਿਆ ਪ੍ਰੀਤ ਜੇ ਗੂੜ੍ਹੀ ਪੈ ਜਾਵੇ
ਫਿਰ ਘਰ ਨੂੰ ਮੁੜ੍ਹ ਕੇ ਆਉਣਾ ਔਖਾ ਲੱਗਦਾ ਏ

ਝੱਲਿਆ ਇਸ਼ਕ਼ ਮੁਹੱਬਤ ਕੋਈ ਖੇਡ ਨਹੀਂ
ਇਹ ਮਰਜ਼ ਤਾਂ ਸੱਚੀ ਰੂਹ ਤੋਂ ਲੱਗਦਾ ਏ

ਸਾਰੇ ਆਸ਼ਿਕ ਲੱਗਦੇ ਨੇ ਓਹਨਾਂ ਤਾਰਿਆਂ ਜਿਹੇ
ਆਪਣਾ-ਆਪਣਾ ਚੰਨ ਜੀਹਨਾਂ ਨੂੰ ਚੋਖਾ ਲੱਗਦਾ ਏ

ਜਿਹੜੇ ਤਾਰੇ ਨ੍ਹੇਰੇ ਦੇ ਵਿੱਚ ਗੁੰਮ ਗਏ
'ਜੱਸ' ਓਹਨਾਂ ਨੇ ਵੀ ਰੌਸ਼ਣ ਹੋਣਾ ਲੱਗਦਾ ਏ
✪


www.punjabibookspdf.com

# ਪੰਜਾਬ ਸੋਹਣਾ ਏ

ਬੇਲਾਂ ਬੂਟੇ ਜਿਨ੍ਹੇ ਵੀ ਰੁੱਖ
ਗੁਲ ਤੋਂ ਹੋਇਆ ਗ਼ੁਲਾਬ ਸੋਹਣਾ ਏ

ਸਾਰੇ ਸੁਰ ਸੰਗੀਤ ਤੇ ਸਾਜ਼
ਮਰਦਾਨੇਂ ਹੱਥ ਰਬਾਬ ਸੋਹਣਾ ਏ

ਸੱਸੀ ਪੰਨੂ ਤੇ ਸੋਹਣੀ ਮਹੀਵਾਲ
ਹੀਰ ਰਾਂਝੇ ਦੇ ਵਿਛੜਣ ਦਾ ਸਬਾਬ ਸੋਹਣਾ ਏ

ਪਾਸ ਬਟਾਲਵੀ ਤੇ ਕਾਦਰਯਾਰ
ਬੁੱਲ੍ਹੇ ਸਾਹ ਜਗ ਨੂੰ ਦਿੱਤਾ ਜਬਾਬ ਸੋਹਣਾ ਏ

ਕੀ ਲਹਿੰਦਾ ਤੇ ਕੀ ਚੜ੍ਹਦੇ ਦੀ ਗੱਲ
'ਜੱਸ' ਦੋਹਾਂ ਪਾਸੇ ਪੰਜਾਬ ਸੋਹਣਾ ਏ
✪


www.punjabibookspdf.com

# ਪਾਗਲ ਲੱਗਨਾ ਏ

ਫੁੱਲ ਬੂਟਿਆਂ ਦੇ ਨਾਲ ਗੱਲਾਂ ਕਰਦਾ ਏ
ਮੈਨੂੰ ਥੋੜਾ ਥੋੜਾ ਪਾਗਲ ਲੱਗਨਾ ਏ

ਸਾਰਾ ਦਿਨ ਹੀ ਰਹੇ ਕਿਤਾਬਾਂ ਪੜ੍ਹਦਾ ਤੂੰ
ਮੈਨੂੰ ਥੋੜਾ ਥੋੜਾ ਪਾਗਲ ਲੱਗਨਾ ਏ

ਹੱਦ ਏ ਦੁੱਖ ਸਭ ਦੱਸਕੇ ਹੱਸੀ ਜਾਨਾ ਏ
ਕਸਮੇਂ ਪੂਰਾ ਪੂਰਾ ਪਾਗਲ ਲੱਗਨਾ ਏ
✪


www.punjabibookspdf.com

# ਪਿਆਰ ਦੇ ਰਾਹੋਂ ਮੁੜ ਚੱਲਿਆ ਮੈਂ

ਪਿਆਰ ਦੇ ਰਾਹੋਂ ਮੁੜ ਚੱਲਿਆ ਮੈਂ
ਹੁਣ ਬਹੁਤਾ ਵਕਤ ਗੁਜ਼ਾਰ ਨਹੀਂ ਹੋਣਾ

ਤੇਰੇ ਤੋਹਫ਼ੇ ਤੇ ਇੱਕ ਖੱਤ ਘੱਲਿਆ ਮੈਂ
ਮੈਥੋਂ ਇਹ ਸਭ ਸਾੜ ਨਹੀਂ ਹੋਣਾ

ਦੂਰ ਕਿਤੇ ਜੇ ਦੱਸ ਕੇ ਜਾਂਦਾ
ਨਾ ਤੈਥੋਂ ਦਰਦ ਸਹਾਰ ਸੀ ਹੋਣਾ

ਮਰਜ਼ ਇਸ਼ਕ਼ ਦਾ ਸਿਰ ਤੇ ਚੜ੍ਹਿਆ
ਕਿਸੇ ਵੈਦ ਕੋਲੋਂ ਉਤਾਰ ਨਹੀਂ ਹੋਣਾ

ਬਾਕੀ ਤਾਂ ਸਭ ਝੱਲ ਗਿਆ 'ਜੱਸ'
ਰੋਸਾ ਤੇਰਾ ਜੋ ਸਹਾਰ ਨਹੀਂ ਹੋਣਾ
✪


www.punjabibookspdf.com

# ਪਿੱਠ ਦੇ ਉੱਤੇ ਵਾਰ ਜੋ ਕੀਤਾ

ਪਿੱਠ ਦੇ ਉੱਤੇ ਵਾਰ ਜੋ ਕੀਤਾ
ਸੱਚ ਦੱਸੀ ਤੂੰ ਹਥਿਆਰ ਵੀ ਸੀ ਨਾ

ਤੇਰੇ ਤੇ ਇਤਬਾਰ ਮੈਂ ਕੀਤਾ
ਝੂਠਾ ਤੇਰਾ ਪਿਆਰ ਵੀ ਸੀ ਨਾ

ਜ਼ਿੰਦਗੀ ਵਿੱਚ ਤੂੰ ਚਾਨਣ ਕੀਤਾ
ਨਾਲੇ ਢਲਦੀ ਸ਼ਾਮ ਵੀ ਸੀ ਨਾ

ਕਿਹੜੀ ਘੁੰਮਣਘੇਰੀ ਪਾਇਆ
ਦਿਲ ਤੇਰਾ ਸਰਾਂ ਵੀ ਸੀ ਨਾ

ਤੇਰਾ ਕੋਈ ਨਾਮ ਵੀ ਹੋਣਾ
ਜਾਂ ਫਿਰ 'ਜੱਸ' ਗੁੰਮਨਾਮ ਵੀ ਸੀ ਨਾ
✪


www.punjabibookspdf.com

# ਬਚਣਾ ਨਹੀਂ ਆਉਂਦਾ

ਚਾਹੇ ਸ਼ਤਰੰਜ ਮੈਂ ਕਾਫ਼ੀ ਖੇਡ ਲੈਨਾ ਪਰ
ਮੈਨੂੰ ਓਹਦੀ ਚਾਲ ਤੋਂ ਬਚਣਾ ਨਹੀਂ ਆਉਂਦਾ

ਉਂਝ ਤਾਂ ਜ਼ੁਲਫਾਂ ਬੰਨ੍ਹਕੇ ਹੀ ਓਹ ਰੱਖਦੀ ਏ
ਖੁੱਲ੍ਹ ਜਾਣ ਤਾਂ ਮੈਨੂੰ ਜਾਲ ਤੋਂ ਬਚਣਾ ਨਹੀਂ ਆਉਂਦਾ

ਕਿੰਨੀ ਇਸ਼ਕ਼ ਮੁਹੱਬਤ ਮੈਨੂੰ ਓਹਦੇ ਨਾਲ ਏ
ਮੈਨੂੰ ਇਹ ਹਰ ਹਾਲ਼ ਚ ਦੱਸਣਾ ਨਹੀਂ ਆਉਂਦਾ

'ਜੱਸ' ਨਫ਼ਰਤ ਮੇਰੇ ਕੋਲ ਹੀ ਬੈਠੀ ਹੁੰਦੀ ਏ
ਮੈਨੂੰ ਇਸ਼ਕ਼ ਪਿਆਰ ਤੋਂ ਬਚਣਾ ਨਹੀਂ ਆਉਂਦਾ
✪


www.punjabibookspdf.com

## ਬਣਦਾ ਸੀ ਛੱਡ ਖ਼ੈਰ ਕੀ ਕੀਤਾ ਜਾ ਸਕਦਾ ਸੀ

ਤੇਰੇ ਸ਼ਹਿਰ ਹੀ ਕਿਉਂ ਮੈਂ ਰੁੱਕਿਆ ਰਾਤ ਸਾਰੀ
ਵਿਸ਼੍ਰਾਮ ਤਾਂ ਅਗਲੇ ਸ਼ਹਿਰ ਵੀ ਕੀਤਾ ਜਾ ਸਕਦਾ ਸੀ

ਤੈਨੂੰ ਤੱਕ ਕੇ ਆਪਣਾਪਣ ਮਹਿਸੂਸ਼ ਹੋਇਆ
ਨਹੀਂ ਤੇ ਤੈਨੂੰ ਗ਼ੈਰ ਵੀ ਕੀਤਾ ਜਾ ਸਕਦਾ ਸੀ

ਹਰ ਸ਼ਾਮ ਹੀ ਮਿਲਣੇ ਨੂੰ ਤੈਨੂੰ ਜੀਅ ਚਾਹਵੇ
ਨਹੀਂ ਯਾਦ ਤਾਂ ਤੈਨੂੰ ਪਿਛਲੇ ਪਹਿਰ ਵੀ ਕੀਤਾ ਜਾ ਸਕਦਾ ਸੀ

ਤੇਰੇ ਨਾਲ ਮੈਂ ਇਸ਼ਕ਼ ਅਦਾਰੇ ਪੜ੍ਹੀ ਆ 'ਜੱਸ' ਸ਼ਾਇਰਾ
ਨਹੀਂ ਕੰਮ ਇਹ ਤੇਰੇ ਬਗੈਰ ਵੀ ਕੀਤਾ ਜਾ ਸਕਦਾ ਸੀ

ਜੇ ਤੂੰ ਸੱਜਣਾ ਧੋਖੇ ਧੜੀਆਂ ਨਾ ਕਰਦਾ
ਤੇਰੇ ਲਈ ਤਾਂ ਜਹਿਰ ਵੀ ਪੀਤਾ ਜਾ ਸਕਦਾ ਸੀ

ਜੇਹੜਾ ਦੁਨੀਆਂ ਤੇਰਾ ਗਲਮਾ ਪਾੜਿਆ ਏ
ਬਣਦਾ ਸੀ ਛੱਡ ਖ਼ੈਰ ਕੀ ਕੀਤਾ ਜਾ ਸਕਦਾ ਸੀ
✪


www.punjabibookspdf.com

# ਬੱਦਲ ਹੌਲੇ ਹੋ ਗਏ ਨੇ

ਬੱਦਲ ਹੌਲੇ ਹੋ ਗਏ ਨੇ
ਸਾਰੇ ਦੁਖੜੇ ਚੋ ਗਏ ਨੇ

ਪਿੱਛੋਂ ਪੌਣ ਪਿਆਰ ਦੀ ਆਈ
ਦੇਖੋ ਬੱਦਲ ਓਹ ਗਏ ਨੇ

ਸਰਮਾ ਗਏ ਸੂਰਜ ਦੇ ਆਉਣ ਤੇ
ਲਾਲ ਗੁਲਾਲ ਜਹੇ ਹੋ ਗਏ ਨੇ

ਬੱਦਲ ਹੌਲ਼ੇ ਹੋ ਗਏ ਨੇ
ਸਾਰੇ ਦੁਖੜੇ ਚੋ ਗਏ ਨੇ
✪


www.punjabibookspdf.com

# ਬੰਦਾਂ ਬੇਵਜ੍ਹਾ ਵੀ ਰੋ ਸਕਦਾ ਏ

ਰੋਣ ਲਈ ਕੋਈ ਵਜ੍ਹਾ ਜਰੂਰੀ
ਬੰਦਾਂ ਬੇਵਜ੍ਹਾ ਵੀ ਰੋ ਸਕਦਾ ਏ

ਰੱਬ ਨੇ ਓਹਦੇ ਨਾਲ ਮਿਲਾਇਆ
ਰੱਬ ਦੀ ਮਰਜ਼ੀ ਖੋ ਸਕਦਾ ਏ

ਮੈਂ ਵੀ ਓਹਦੇ ਤੋਂ ਕੁਰਬਾਨ ਆ
ਜੇ 'ਜੱਸ' ਮੇਰਾ ਹੋ ਸਕਦਾ ਏ

ਇਸ਼ਕ਼ ਅਦਾਰੇ ਦਾ ਓਹ ਮੁਖੀਆ
ਪਿਆਰ ਦੇ ਬੀ ਓਹ ਬੋ ਸਕਦਾ ਏ

ਜੇ ਓਹ ਲਾਗੇ ਬਹਿਣ ਤੋਂ ਸੰਗਦਾਂ
ਕੋਲ ਉਹ ਮੇਰੇ ਖਲੋ ਸਕਦਾ ਏ
✪


www.punjabibookspdf.com

# ਬੰਦਾਂ ਵੈਰੀ ਬੰਦੇ ਦਾ ਹੀ

ਮਰਜ਼ਾਂ ਦਾ ਤਾਂ ਨਾਂ ਬਦਨਾਮ ਏ
ਬੰਦਾਂ ਵੈਰੀ ਬੰਦੇ ਦਾ ਹੀ

ਕਾਹਦੀ ਯਾਰੀ ਝੱਲਿਆ ਸ਼ਾਇਰਾ
ਲੋਭੀ ਸੋਚੂ ਧੰਦੇ ਦਾ ਹੀ

ਸਕਲਾਂ ਤੋਂ ਅਸਾਂ ਕੀ ਲੈਣਾਂ ਏ
ਮਸਲਾ ਚੰਗੇ ਮੰਦੇ ਦਾ ਹੀ

ਕੀਹਨੂੰ ਗ਼ੈਰ ਤੇ ਕੀਹਨੂੰ ਆਪਣਾ ਆਖਾਂ
ਸੱਪ ਜੋ ਸ਼ਾਇਰਾ ਡੰਗੇ ਗਾ ਹੀ

'ਜੱਸ' ਅੱਜ ਕੱਲ੍ਹ ਕਿਹੜਾ ਕੌਲ਼ ਨਿਭਾਏ
ਰੰਗ ਵੀ ਮਿੱਤਰ ਰੰਗੇ ਦਾ ਹੀ

✪


www.punjabibookspdf.com

# ਬੰਦਿਆਂ ਰੱਬ ਦਾ ਨਾਂ ਤੇ ਲੈ ਲੇ

ਸਾਰੀ ਉਮਰੇ ਭੱਜਿਆ ਫਿਰਨੇ
ਨਿੱਕਲ ਜਾਨਾ ਪਹਿਲੀ ਕਿਰਨੇ

ਸ਼ਾਮੀ ਜਦ ਤੂੰ ਵਾਪਸ ਆਉਨੇ
ਥੱਕਿਆ ਟੁੱਟਿਆ ਆਕੇ ਸੌਂਨੇ

ਧਨ ਦੌਲਤ ਦੀ ਆੜ ਚ ਆਕੇ
ਖੁਸੀਆਂ ਹਾਸੇ ਭੁੱਲਿਆ ਫਿਰਨੇ

ਮਾਸਾ ਕੁ ਕਦੇ ਵਖਤ ਜੇਹਾ ਕੱਢ
ਰੁੱਸ ਕੇ ਵਿੰਦ ਲਈ ਤੂੰ ਵੀ ਵਿਰਲੈ

ਦੁਨੀਆਂ ਦੇ ਭੀੜ ਭੜੱਕੇ ਦੇ ਵਿਚ
ਖ਼ੁਦ ਨੂੰ ਲੱਭ ਤੂੰ ਖੋਇਆ ਫਿਰਨੇ

ਲੱਗਦਾ ਰੱਬ ਵੀ ਯਾਦ ਨੀ ਤੇਰੇ
ਨਾ ਹੀ ਨਾਮ ਦੀ ਮਾਲਾ ਫੇਰੇ

ਪੈਸਾ ਹੈ ਪਰ ਸੁੱਖ ਨਾ ਜਾਪੇ
ਰੁਕਜਾ ਤੂੰ 'ਜੱਸ' ਸ਼ਾਹ ਤਾ ਲੈ ਲੇ

ਦੁੱਖ ਵੀ ਓਹਦੇ ਸੁੱਖ ਵੀ ਓਹਦੇ
ਬੰਦਿਆਂ ਰੱਬ ਦਾ ਨਾਂ ਤੇ ਲੈ ਲੇ

✪


www.punjabibookspdf.com

# ਬੇਦਰਦਾਂ ਦੇ ਸ਼ਹਿਰ

ਮੈਂ ਬੇਦਰਦਾਂ ਦੇ ਸਹਿਰ ਵਿੱਚ
ਕਈ ਦਰਦ ਹੰਢਾਅ ਕੇ ਘੁੰਮਦਾ ਰਿਹਾ

ਦੁੱਖਾਂ ਦੀਆਂ ਚੜ੍ਹੀਆਂ ਵੇਲਾਂ ਤੋਂ
ਫੁੱਲ ਤੋੜ ਦੁੱਖਾਂ ਦੇ ਚੁੰਮਦਾ ਰਿਹਾ

ਭੁੱਲਦੀ ਨਹੀਂ ਜੋ ਗੱਲ ਦਿਲ ਤੇ ਲੱਗੇ
ਭੁੱਲਣ ਦੀ ਕੋਸ਼ਿਸ਼ ਕਰਦਾ ਰਿਹਾ

ਜਿੱਤਣਾ ਜਿੱਥੇ ਪੱਕਾ ਸੀ ਮੇਰਾ
ਓਥੇ ਜਾਣ ਬੁੱਝ ਕੇ ਹਰਦਾ ਰਿਹਾ

ਜਿਹਨਾਂ ਨੂੰ ਪਿਆ ਫਰਕ ਨਾ ਕੋਈ
ਮੈਂ ਓਹਨਾ ਦੇ ਲਈ ਮਰਦਾਂ ਰਿਹਾ

ਇੱਕ ਵਕਤ ਐਸਾ ਵੀ ਆਇਆ ਸੀ
ਸੀ ਨਾਲ ਮੇਰੇ ਕਈ ਖਾਸ ਉਦੋਂ
ਸੀ ਵਾਂਗ ਭਰਾਵਾਂ ਕਰਦਾ ਰਿਹਾ


www.punjabibookspdf.com

ਚੱਲ ਖੁਸ ਨੇ ਹੋਕੇ ਦੂਰ ਮੈਥੋਂ
ਅੱਜ ਵੀ ਓਵੇਂ ਰੁਲਦਾ ਏ 'ਜੱਸ'
ਪਹਿਲਾਂ ਵੀ ਸਾਇਰ ਰੁਲਦਾ ਰਿਹਾ

ਮੈਂ ਬੇਦਰਦਾਂ ਦੇ ਸਹਿਰ ਵਿੱਚ
ਕਈ ਦਰਦ ਹੰਢਾਅ ਕੇ ਘੁੰਮਦਾ ਰਿਹਾ
✪


www.punjabibookspdf.com

# ਮਸਾਂ ਹੀ ਬਚਿਆ ਇਸ਼ਕ ਦੇ ਹੱਥੋਂ

ਮਸਾਂ ਹੀ ਬਚਿਆ ਇਸ਼ਕ ਦੇ ਹੱਥੋਂ
ਸਾਹਾਂ ਨੇ ਵੀ ਕਸਰ ਨੀ ਛੱਡੀ

ਇਹ ਤੇ ਨਿੱਤ ਦਾ ਹੀ ਰੌਲਾ ਏ
ਸੱਚੀ ਇਹ ਕੋਈ ਗੱਲ ਨੀ ਵੱਡੀ

ਰਸਤਾ ਤਾਂ ਮੈਂ ਖੁਦ ਚੁਣਿਆ ਸੀ
ਉਲ਼ਝੇ ਨੂੰ ਹੁਣ ਰੱਬਾ ਕੱਢੀ

ਪੀੜਾਂ ਭਰਿਆ ਦੁੱਖੋਂ ਹਰਿਆ
ਬਕਸ਼ ਮੈਨੂੰ ਖੜ੍ਹਾ ਝੋਲ਼ੀ ਅੱਢੀ
✪


www.punjabibookspdf.com

## ਮੰਜ਼ਲਾਂ ਦਾ ਸਫ਼ਰ

ਛੱਡ ਹੋਰ ਰੁਝੇਵੇਂ ਤੂੰ ਮਿੱਤਰਾ
ਸ਼ੌਂਕ ਵਿੱਚ ਕਿਤਾਬਾਂ ਰੁੱਝਣ ਦਾ

ਮੇਹਨਤ ਜਾਰੀ ਰੱਖਣੀ ਪਊ
ਪੈਂਡਾ ਲੰਮਾ ਮੰਜ਼ਲਾਂ ਤੱਕ ਪੁੱਜਣ ਦਾ

ਕੰਡਿਆਂ ਦੀ ਕਰਕੇ ਖੇਤੀ
ਨਾ ਮਿਲਣੀ ਖੁਸਬੋ ਫੁੱਲਾਂ ਦੀ

ਕੀਮਤ ਵੀ ਅਦਾ ਹੋਊ ਤੇਰੀ
ਮੂੰਹ ਮੰਗੇ ਮੁੱਲਾਂ ਦੀ

ਰਾਤਾਂ ਨੂੰ ਰੌਸ਼ਨ ਕਰਨਾ ਪਊ
ਨਾ ਕਰੀ ਇੰਤਜ਼ਾਰ ਸੂਰਜ ਦੇ ਉੱਗਣ ਦਾ

ਮੇਹਨਤ ਜਾਰੀ ਰੱਖਣੀ ਪਊ
ਪੈਂਡਾ ਲੰਮਾ ਮੰਜਲਾਂ ਤੱਕ ਪੁੱਜਣ ਦਾ

ਵਿਚੋਂ ਸਮੁੰਦਰ ਚੀਰਣ ਦੇ ਲਈ
ਪਹਿਲਾਂ ਬਣਨਾ ਤੈਰਾਕ ਪਊ


www.punjabibookspdf.com

'ਜੱਸ' ਪੈਰ ਸਮੁੰਦਰ ਵਿਚ ਪਾਇਆ
ਹੁੰਦਾਂ ਖ਼ਤਰਾ ਵਿਚ ਡੁੱਬਣ ਦਾ

ਮੇਹਨਤ ਜਾਰੀ ਰੱਖਣੀ ਪਊ
ਪੈਂਡਾ ਲੰਮਾ ਮੰਜ਼ਲਾਂ ਤੱਕ ਪੁੱਜਣ ਦਾ
✪


www.punjabibookspdf.com

## ਮਾਂ

ਗਲ਼ ਤੀਕਰ ਦੁੱਖਾਂ ਦੇ ਨਾਲ ਭਰਿਆ
ਮਾਂ ਕੀਹਨੂੰ ਦਿਲ ਦਾ ਹਾਲ ਸੁਣਾਵਾ

ਪਈ ਬਿਪਤਾ ਵਿਚ ਮਾਂ ਮਾਂ ਕਹਿਕੇ
ਤੂੰ ਦੱਸਦੇ ਕੀਹਨੂੰ ਕੋਲ ਬੁਲਾਵਾ

ਯਾਦ ਆਈ ਤੇ ਰੋਵਾਂ ਜਦ ਮੈਂ
ਦੱਸ ਕਿੱਦਾਂ ਖੁਦ ਨੂੰ ਚੁੱਪ ਕਰਾਵਾ

ਜੇ ਡਰ ਲੱਗੇ ਏਹ ਦੁਨੀਆਂ ਤੋਂ ਮਾਂ
ਦੱਸ ਕੀਹਨੂੰ ਘੁੱਟ ਕੇ ਜੱਫੀ ਪਾਵਾ

ਮਾਂ ਅੱਖਾਂ ਵਿੱਚੋਂ ਹੰਝੂ ਕਿਰਦੇ
ਜਦ ਮੈਂ ਤੈਨੂੰ ਫ਼ੋਨ ਮਿਲਾਵਾ

ਸਭ ਤੋਂ ਪਹਿਲਾਂ ਤੈਨੂੰ ਤੱਕਾਂ
ਮਾਂ ਜੇ ਮੈਂ ਮੁੜ ਵਾਪਸ ਆਵਾ
✪


www.punjabibookspdf.com

# ਮਿਹਨਤ ਦਾ ਮੁੱਲ

ਤੂੰ ਬੜੇ ਦੁੱਖਾਂ ’ਚੋਂ ਲੰਘ ਕੇ
ਬੜੀ ਤੀਬਰਤਾ ਦੇ ਨਾਲ ਆਇਆ

ਤੇਰੀ ਮੰਜ਼ਲ ਤੈਨੂੰ ਮਿਲ ਗਈ
ਮਿਹਨਤ ਨੇ ਹੀ ਮੁੱਲ ਪਾਇਆ

ਹੁਣ ਸਭ ਕੁਝ ਤੇਰੀ ਮੁੱਠੀ ਵਿਚ
ਜੋ ਚਾਹੀਦਾ ਓਹ ਰੱਖ ਲਈ

ਨਾ ਕਰੀ ਸਿਫਾਰਸ ਵੇਹਲਿਆਂ ਦੀ
ਸਦਾ ਮਿਹਨਤੀ ਨੂੰ ਹੱਥ ਦੇਈ

ਮਨ ਵਿਚ ਹੰਕਾਰ ਦਾ ਬੀਅ ਉਪਜੇ
‘ਜੱਸ’ ਪਿੱਛੇ ਵੱਲ ਨੂੰ ਤੱਕ ਲਈ

ਮਨ ਵਿਚ ਬੌੜਣ ਜੇ ਖ਼ਿਆਲ ਉੱਚੇ
ਤਾਂ ਹੇਠਾਂ ਵੱਲ ਨੂੰ ਤੱਕ ਲਈ

ਤੂੰ ਕਰਕੇ ਬੜੀ ਉਤੇਜਸੀ
ਮੰਜ਼ਲ ਵੱਲ ਨੂੰ ਚੱਲ ਆਇਆ

ਤੇਰੀ ਮੰਜ਼ਲ ਤੈਨੂੰ ਮਿਲ ਗਈ
ਮਿਹਨਤ ਨੇ ਹੀ ਮੁੱਲ ਪਾਇਆ

✪


www.punjabibookspdf.com

# ਮੁੱਲ ਪੁੱਛਦਾਂ

ਨੀਂਦਾਂ ਵੇਚ ਵੇਚ ਕਮਾਈ ਕੀਤੀ ਏ
ਤੇ ਤੂੰ ਮੇਰੇ ਤੋਂ ਖ਼ਾਬਾ ਦਾ ਮੁੱਲ ਪੁੱਛਦਾਂ

ਜਿਹੜੀਆਂ ਮੈਂ ਨਿੱਕੀ ਉਮਰੇ ਛੱਡੀਆਂ ਸੀ
ਤੂੰ ਮੇਰੇ ਤੋਂ ਓਹ ਕਿਤਾਬਾਂ ਦਾ ਮੁੱਲ ਪੁੱਛਦਾਂ

ਮੇਰੇ ਦੁੱਖ ਸੁੱਖ ਸਾਰੇ ਪੰਨਿਆਂ ਤੇ ਆ
ਤੂੰ ਮੇਰੇ ਤੋਂ ਏਹ ਜ਼ਿੰਦਗੀ ਦਾ ਮੁੱਲ ਪੁੱਛਦਾਂ

ਐਸੀ ਕੀ ਮਜ਼ਬੂਰੀ ਸੀ ਤੇਰੀ 'ਜੱਸ' ਸ਼ਾਇਰਾ
ਤੂੰ ਨਹੀਂ ਕੱਲਾ ਇਹ ਸਵਾਲ ਤਾਂ ਕੁਲ ਪੁੱਛਦਾਂ
✪


www.punjabibookspdf.com

## ਮੂਰਤ

ਕਈ ਘੜੀਆਂ ਮੈਂ ਮੂਰਤਾਂ ਤੇਰੀ ਮੂਰਤ
ਜਿੰਨੀ ਕੋਈ ਦਿਲ ਨੂੰ ਨਹੀਂ ਲੱਗੀ

ਨੱਕ ਤਿੱਖਾ ਤੇ ਗੱਲ੍ਹਾਂ 'ਚ ਟੋਏ ਫਬਦੇ ਨੇ ਤੇਰੇ
ਤੇਰੇ ਵਰਗੀ ਸੂਰਤ ਕੋਈ ਹੋਰ ਨਹੀਂ ਲੱਭੀ

ਅੱਖ਼ਾਂ ਬਿੱਲੀਆਂ ਦੇ ਵਿੱਚ ਭਰਿਆ ਸੁਰਮਾਂ ਡੱਬੀ 'ਚੋਂ
ਮੇਰੇ ਨਾਲ਼ੋਂ ਭਾਗੀ ਤੇਰੀ ਸੁਰਮੇਂ ਦੀ ਡੱਬੀ

ਬੋਲਦੀ ਏਂ ਜਦੋਂ ਮੇਰਾ ਨਾ ਸੁਰਖ਼ ਜਿਹੇ ਬੁੱਲ੍ਹਾਂ 'ਚੋਂ
ਦਿਲ ਤੇ ਤੀਰ ਹੀ ਮਾਰੇ ਤੂੰ ਮਾਰਕੇ ਅੱਖ ਜਿਹੀ ਖੱਬੀ

ਹਵਾ ਨਾ ਖੇਡਦੀ ਫਿਰਦੀ ਏ ਲਟ ਤੇਰੇ ਮੱਥੇ ਦੀ
ਜ਼ੁਲਫ਼ਾਂ ਨੇ ਉਲਝਾਉਣ ਵਿਚ ਕੋਈ ਕਸਰ ਨਹੀਂ ਛੱਡੀ
✪


www.punjabibookspdf.com

## ਮੈਂ ਓਸ ਕਿਤਾਬ ਦਾ ਪੰਨਾ ਹਾਂ

ਮੈਂ ਓਸ ਕਿਤਾਬ ਦਾ ਪੰਨਾ ਹਾਂ
ਜੀਹਨੂੰ ਲੱਖਾਂ ਲੋਕਾਂ ਪੜ੍ਹਿਆ ਏ

ਕਈਆਂ ਨੂੰ ਸਮਝੀ ਆਇਆ ਮੈਂ
ਤੇ ਸਮਝੋਂ ਬਾਹਰ ਆ ਬੜਿਆ ਦੇ

ਰਾਹਤ ਤੇ ਮੁਕਤੀ ਇੱਕ ਗੱਲ ਨਈਂ
ਸਬਦ ਏਹ ਕੇਹੜੇ ਵਰ੍ਹਿਆਂ ਦੇ

ਦੌਲਤ ਹੁਸਨ ਤੇ ਗੁਮਾਣ ਕਾਹਦਾ
ਕੁਝ ਨਾਲ ਨਈਂ ਜਾਣਾ ਮਰਿਆ ਦੇ

ਦਿਨ ਚਾਰ ਦੀ ਜ਼ਿੰਦਗੀ ਹੱਸ ਖੇਡ
ਦਿਨ ਵਿੱਚ ਹਨੇਰੇ ਬੜਿਆ ਦੇ

ਮਹੀਵਾਲ ਰਹਿਣ ਉਡੀਕ 'ਚ
ਕੱਚਾ ਘੜਾ ਲੈ ਝਨਾਂ ਨੂੰ ਚੜ੍ਹੀਆਂ ਦੇ

'ਜੱਸ' ਅੰਤ ਨੂੰ ਮੌਤ ਨਸੀਬ ਹੋਈ
ਜੋ ਵੀ ਇਸਕ ਦਾ ਰੋਗੀ ਬਣਿਆ ਏ
✪


www.punjabibookspdf.com

# ਮੈਂ ਆਪਣਿਆਂ ਤੋਂ ਹੋ ਦੂਰ ਦੇਖਿਆ

ਮੈਂ ਆਪਣਿਆਂ ਤੋਂ ਹੋ ਦੂਰ ਦੇਖਿਆ
ਬਹੁਤੇ ਚਿਹਰਿਆਂ ਉੱਤੇ ਨੂਰ ਦੇਖਿਆ

ਰਹੀ ਆਸਕੀ ਅਤੇ ਪਿਆਰਾਂ ਦੀ ਗੱਲ
ਇੱਕ ਵਾਰੀ ਤਾਂ ਕਰ ਜਰੂਰ ਦੇਖਿਆ

ਚੱਲਦੀ ਐ ਗੱਲ ਜਦ ਦਿਲ ਟੁੱਟਿਆਂ ਦੀ
ਮੈਂ ਦਿਲ ਹੁੰਦਾ ਚੂਰੋ-ਚੂਰ ਦੇਖਿਆ

ਬਹੁਤੇ ਕਮਲੇ ਸਮਝੇ ਨਈਂ ਗੱਲ
ਬੜਾ ਜਵਾਨੀ ਉੱਤੇ ਗਰੂਰ ਦੇਖਿਆ

ਬਹੁਤੀ ਬਾ-ਖ਼ਬਰ ਫਿਰਦੀ ਦੁਨੀਆਂ
ਮੈਂ ਪੜ੍ਹਿਆ ਲਿਖਿਆ ਹੁਮੂਰ ਦੇਖਿਆ
✪



www.punjabibookspdf.com

# ਮੈਂ ਤਾਂ ਓਸੇ ਥਾਂਵੇ ਮਰਜਾ

ਐਨੀ ਸਕਤੀ ਉਹਦੇ ਪਿਆਰ ਦੇ ਵਿਚ ਏ
ਡੁੱਬਦਾ ਡੁੱਬਦਾ ਮੈਂ ਵੀ ਤਰਜਾ

ਆਵੇ ਪਤਝੜ ਬਣਕੇ ਜੇ ਓਹ
ਪੱਤੇ ਵਾਂਗੂੰ ਟਾਹਣੀਓ ਝੜਜਾ

ਜੇ ਉਹ ਮੈਨੂੰ ਮੁੜ੍ਹ ਕੇ ਤੱਕਲੇ
ਮੈਂ ਤਾਂ ਓਸੇ ਥਾਂਵੇ ਮਰਜਾ
✪


www.punjabibookspdf.com

# ਮੈਂ ਤਾਂ ਸਭ ਕੁੱਛ ਛੱਡ ਕੇ ਆਇਆ

ਮਸਲਾ ਥੋੜਾ ਗਮਗੀਨ ਸੀ ਹੋਗਿਆ
ਬਸ ਉਹਨੂੰ ਹੀ ਜੜ੍ਹੋਂ ਵੱਢ ਕੇ ਆਇਆ

ਦਰਦ, ਵਿਛੋੜੇ, ਖੁਸੀਆਂ, ਹਾਸੇ
ਦਿਲ ਵਿੱਚੋਂ ਸਭ ਕੱਢ ਕੇ ਆਇਆ

ਤੂੰ ਰੱਖ ਲਾ ਜਾਂ ਪਾਸਾ ਵੱਟ ਲਾ
ਇਹ ਸ਼ਾਇਰ ਤੇ ਨੱਸ ਕੇ ਆਇਆ

ਤੈਥੋਂ ਗ਼ੈਰ ਕੋਈ ਹੋਰ ਨਹੀਂ ਮੇਰਾ
ਮੈਂ ਤਾਂ ਸਭ ਕੁੱਛ ਛੱਡ ਕੇ ਆਇਆ

ਮਾਂ ਮੇਰੀ ਮੈਨੂੰ ਉਡੀਕਦੀ ਹੋਣੀ
ਉਹਨੂੰ ਵੀ ਨਹੀਂ ਦੱਸ ਕੇ ਆਇਆ
✪


www.punjabibookspdf.com

# ਮੈਂ ਅੱਜ ਮੁਹੱਬਤ ਧੋਖਾ ਦਿੰਦੀ ਦੇਖੀ ਏ

ਕਸਮੇਂ ਮੈਂ ਕੋਈ ਗ਼ਲਤ ਬਜ਼ਾਰ ਚ ਫਸ ਗਿਆ ਸੀ
ਮੈਂ ਅੱਜ ਮੁਹੱਬਤ ਧੋਖਾ ਦਿੰਦੀ ਦੇਖੀ ਏ

ਇਕ ਨਾਲ ਪੂਰੀ ਸ਼ਿੱਦਤ ਦੇ ਨਾਲ ਹੋਣ ਵਾਲੀ
ਮੈਂ ਅੱਜ ਨਵੇਂ ਨੂੰ ਮੌਕਾ ਦਿੰਦੀ ਦੇਖੀ ਏ

ਅੱਜ ਕੱਲ੍ਹ ਸ਼ਾਇਰਾ ਕੋਈ ਨਹੀਂ ਰੱਖਦਾ ਪਰਦਿਆ ਵਿਚ
ਫਰਜ਼ੀ ਮੁਹੱਬਤ ਖੁਦ ਇਹ ਹੋਕਾ ਦਿੰਦੀ ਦੇਖੀ ਏ

ਹੰਝੂਆਂ ਦੇ ਨਾਲ ਭਿੱਜੇ ਨੂੰ ਮੈਂ ਖੁਦ ਚੱਕਿਆ ਏ
'ਜੱਸ' ਭਖਦੇ ਨੂੰ ਪਾਣੀ ਕੋਸਾ ਦਿੰਦੀ ਦੇਖੀ ਏ

ਕਸਮੇਂ ਮੈਂ ਕੋਈ ਗ਼ਲਤ ਬਜ਼ਾਰ ਚ ਫਸ ਗਿਆ ਸੀ
ਮੈਂ ਅੱਜ ਮੁਹੱਬਤ ਧੋਖਾ ਦਿੰਦੀ ਦੇਖੀ ਏ
✪


www.punjabibookspdf.com

# ਮੈਨੂੰ ਜੀਹਦੇ ਨਾਲ ਮੁਹੱਬਤ ਹੋਈ ਏ

ਸੱਚੀ ਮੇਰੀ ਮਾਂ ਵਰਗੀ ਹੀ ਲੱਗਦੀ ਏ
ਮੈਨੂੰ ਜੀਹਦੇ ਨਾਲ ਮੁਹੱਬਤ ਹੋਈ ਏ

ਕਸਮੇਂ ਜਿੰਨੀ ਵਾਰੀ ਉਹਨੂੰ ਤੱਕਿਆ ਮੈਂ
ਮੈਨੂੰ ਓਨੀ ਵਾਰ ਮੁਹੱਬਤ ਹੋਈ ਏ

ਇੱਕੋ ਨਾਲ ਕਿਵੇਂ ਦੁਬਾਰਾ ਹੋ ਸਕਦੀ ਏ
ਮੈਨੂੰ ਫਿਰ ਤੋਂ ਓਸੇ ਨਾਲ ਮੁਹੱਬਤ ਹੋਈ ਏ

ਕਿ ਮੁਹੱਬਤ ਨੂੰ ਵੀ ਓਹਦੇ ਨਾਲ ਮੁਹੱਬਤ ਏ
ਮੈਨੂੰ ਜੀਹਦੇ ਨਾਲ ਮੁਹਬੱਤ ਹੋਈ ਏ
✪


www.punjabibookspdf.com

# ਰਾਂਝਾ ਮੱਝਾਂ ਹੱਕਦਾ ਰਿਹਾ

ਗੱਲ ਨਹੀਂ ਗੌਲੀ ਮਿੱਤਰਾਂ ਦੀ ਮੈਂ
ਤੇਰਾ ਹੀ ਮੁਖੜਾ ਤੱਕਦਾ ਰਿਹਾ

ਜਦ ਜਦ ਵੀ ਤੂੰ ਅੱਖ ਮਿਲਾਈ
ਮੈਂ ਮਨ ਆਪਣੇ ਵਿਚ ਹੱਸਦਾ ਰਿਹਾ

ਦੱਸ ਇਹ ਕੀ ਤੂੰ ਕਾਰਾ ਕਰਤਾ
ਤੈਥੋਂ ਓਹਲਾ ਰੱਖਦਾ ਰਿਹਾ

ਆਸ਼ਿਕ ਜੱਸ ਵਿਚਾਰਾ ਕਰਤਾ
ਮਿੱਠਾ ਸੀ ਇਸ਼ਕ ਮੈਂ ਚੱਖਦਾ ਰਿਹਾ

ਜੱਗ ਸਾਹਵੇਂ ਹੱਥ ਫੜ੍ਹਲੂ ਤੇਰਾ
ਭਾਵੇਂ ਤੈਥੋਂ ਜਕਦਾ ਰਿਹਾ

'ਜੱਸ' ਹੀਰ ਦੀ ਮਾਪਿਆਂ ਇੱਕ ਨੀ ਮੰਨੀ
ਰਾਂਝਾ ਮੱਝਾਂ ਹੱਕਦਾ ਰਿਹਾ
✪


www.punjabibookspdf.com

# ਲੋਕੀਂ ਐਵੇਂ ਮਾਰੀ ਜਾਂਦੇ

ਮੰਨ ਜਾਨਾ ਮੈਂ ਬਹੁਤੀ ਜਲਦੀ
ਆਪਣਿਆਂ ਕੋਲ਼ੋਂ ਰੁੱਸ ਨਹੀਂ ਸਕਦਾ

ਲੋਕੀਂ ਐਵੇਂ ਮਾਰੀ ਜਾਂਦੇ
ਇਹਨਾਂ ਕੋਲੋਂ ਮੁੱਕ ਨਹੀਂ ਸਕਦਾ

ਝੂਠਾ ਲੱਖ ਦਿਖਾਵਾ ਕਰ ਲਾ
ਗ਼ੁਰਬਤ ਕੋਲੋਂ ਲੁਕ ਨਹੀਂ ਸਕਦਾ

ਲੋਕ ਬਹੁਤ ਨੇ ਪਿੱਛੇ ਮੇਰੇ
ਰਸਤੇ ਦੇ ਵਿੱਚ ਰੁਕ ਨਹੀਂ ਸਕਦਾ

ਪਿਆਰ ਦਾ ਮਿੱਠਾ ਜ਼ਹਿਰ ਮੈਂ ਚਿੱਥਾਂ
ਕਿਉਂ ਰੱਬਾ ਮੈਂ ਥੁੱਕ ਨਹੀਂ ਸਕਦਾ

ਪਿਆਰ ਨਾਲ ਚਾਹੇ ਸ਼ਾਹ ਵੀ ਲੈ ਜਾ
ਧੱਕੇ ਨਾਲ ਤੇ ਝੁਕ ਨਹੀਂ ਸਕਦਾ

ਪੱਤਾ ਜੀਵਨ ਬੂਟੀ ਦਾ 'ਜੱਸ'
ਐਨੀ ਜਲਦੀ ਬੁੱਸ਼ ਨਹੀਂ ਸਕਦਾ

✪


www.punjabibookspdf.com

# ਵੇ ਦੀਵਾਨਿਆਂ

ਵੇ ਦੀਵਾਨਿਆਂ ਤੂੰ ਮੁਸਕਰਾਯਾ ਕਰ
ਨਾ ਮੱਥੇ ਤਿਓੜੀ ਪਾਇਆ ਕਰ

ਉਂਝ ਜਾਣਦੇ ਆ ਕਿੰਨਾ ਪਿਆਰ ਤੈਨੂੰ
ਪਰ ਕਦੀ ਕਦਾਈ ਜਤਾਇਆ ਕਰ

ਬੜੀ ਸੰਘਣੀ ਏ ਵੇਲ ਇਸ਼ਕੇ ਦੀ
ਪਾਣੀ ਪਿਆਰ ਦਾ ਜੜ੍ਹੀ ਰਚਾਇਆ ਕਰ

ਅਸਾ ਵਿਹੜਾ ਸਰਗੀ ਦਾ ਤੇਰੇ ਨਾਮ ਕੀਤਾ
'ਜੱਸ' ਕਦੇ ਗੀਤ ਮੇਰੇ ਤੇ ਗਾਇਆ ਕਰ

ਵੇ ਦੀਵਾਨਿਆਂ ਤੂੰ ਮੁਸਕੁਰਾਯਾ ਕਰ
ਨਾ ਮੱਥੇ ਤਿਓੜੀ ਪਾਇਆ ਕਰ
✪


www.punjabibookspdf.com



*ਜਿਵੇਂ ਹਰ ਟਾਹਣੀ ਨੂੰ ਫੁੱਲ ਖਿਲਣ ਦਾ ਚਾਅ ਹੁੰਦਾ ਓਦਾਂ ਹੀ ਹਰ ਪਿਆਰ ਕਰਨ ਵਾਲੇ ਨੂੰ ਆਪਣੇ ਪਿਆਰੇ ਨਾਲ ਮਿਲਣ ਦਾ ਚਾਅ ਹੁੰਦਾ। ਪਰ ਅੱਜ ਕੱਲ੍ਹ ਜੋ ਚੱਲਦਾ ਮੈਂ ਸੱਚੀ ਥੋੜਾ ਡਰਨ ਲੱਗ ਗਿਆ ਕਿ ਕਿਤੇ ਮੈਂ ਕਿਸੇ ਗੁਲਾਬ ਦੇ ਫੁੱਲ ਵਾਂਗੂੰ ਕਿਸੇ ਕਿਤਾਬ ਦੇ ਪੰਨਿਆਂ ਵਿੱਚ ਪਿਆ ਨਾ ਰਹਿ ਜਾਵਾ। ਮੁੱਕਦੀ ਗੱਲ ਇਹ ਹੈ ਕਿ ਪਿਆਰ ਜਿੰਨਾ ਔਖਾ ਹੋਵੇ ਓਨਾ ਜਿਆਦਾ ਗੂੜ੍ਹਾ ਹੁੰਦਾ।*

*ਫੁੱਲ ਬਣਾ ਕਿਸੇ ਜ਼ਿੰਦਗੀ ਦਾ ਬੱਸ ਇਹੋ ਇੱਕ ਖਵਾਇਸ ਮੇਰੀ*
*ਪਰ ਡਰ ਲੱਗਦਾ ਦੇਣਾ ਸੁੱਟ ਕਿਤੇ ਮੇਰੇ 'ਚੋਂ ਖੁਸ਼ਬੋ ਮੁੱਕਣ ਤੇ...!*